5. You must get up early to be able to shoot them.	ਤੁਹਾਨੂੰ ਓਨਾਂ ਦਾ ਸ਼ਕਾਰ ਕਰਨ ਲਈ ਤੜਕੇ ਉਠਨਾ ਚਾਹੀਦਾ ਹੈ। *tuhāṇūn unhān dā shakār karan laī taṛke uṭh nā chāhī dā hai.*
6. I went yesterday to a Jhil near Jagadhri. It was very dry, and full of high grass. I shot only 5 snipe.	ਕਲ ਮੈਂ ਜਗਾਧਰੀ ਦੇ ਨੇੜੇ ਇਕ ਝੀਲ ਨੂੰ ਗਿਆ ਓਹ ਬਹੁਤ ਸੁਕੀ ਹੋਈ ਤੇ ਲਮੇ ਘਾਹ ਨਾਲ ਭਰੀ ਹੋਈ ਸੀ ਤੇ ਮੈਂ ਨਿਰੇ ਪੰਜ ਚਾਹੇ ਮਾਰੇ। *kal main jagādhrī de nere ikk jhīl nūn giā oh bahut sukkī hoī te bahut lamme ghāh nāl bharī hoī sī te main nire panj chāhe māre.*
7. Deer have entirely disappeared.	ਹਰਨ ਤਾਂ ਦਿਸਨੋਂ ਹੀ ਰਹਿ ਗਏ ਹਨ। *haran tāṇ disṇon hī rah gae han.*
8. Yesterday I went out shooting. I came to the river but could not find a ford.	ਕਲ ਮੈਂ ਸ਼ਿਕਾਰ ਨੂੰ ਗਿਆ ਮੈਂ ਦਰਿਆ ਤੇ ਅਪੜਿਆ ਪਰ ਬਾਹ (ਗਾਹਨ) ਨਾ ਲਭੀ। *kal main shikār nūn giā main dryā te apṛiā par (gāhan) thāh nā labhī.*
9. Luckily there was a boat, but only one oar and the rudder was broken.	ਕਿਸਮਤ ਨਾਲ ਓਥੇ ਇਕ ਬੇੜੀ ਸੀ ਪਰ ਕੇਵਲ ਇਕਹੀ ਸੀ ਜਿਸਦਾ ਚਪਾ ਤੇ ਪਤਵਾੜ ਟੁਟੇ ਹੋਏ ਸਨ। *kismat nāl othe ikk beṛī sī par kewal ikk hī sī jisdā chappā te patwār tuṭṭe hoe san.*
10. I shot a duck which rose on the right bank, but missed two snipe on the left.	ਮੈਂ ਇਕ ਬਤਕ ਮਾਰੀ ਜੋ ਸੱਜੇ ਪਾਸਿਓ ਉਡੀ ਸੀ ਪਰ ਖਬੇ ਪਾਸੇ ਦੇ ਚਾਹੇ ਨਾ ਮਾਰੇ। *main ikk battak mārī jo sajje pāsioṅ uḍḍī sī par khabbe pāse de chāhe nā māre.*

11. I saw a flock of geese but it was too far away.

ਮੈਂ ਵਡੀਆਂ ਬਤਕਾਂ ਦੀ ਡਾਰ ਵੇਖੀ ਪਰ ਓਹ ਵਡੀ ਦੂਰ ਸੀ ॥ *main waddīān bat- kān dī dār wekhī par oh waddī dūr sī.*

12. Owing to bad luck I secured only four birds.

ਮੰਦੇ ਭਾਗਾਂ ਦੇ ਕਾਰਨ ਮੈਂ ਨਿਰੇ ਚਾਰ ਪੰਛੀ ਮਾਰੇ । *mande bhāgān de kāran main nire chār panchhī māre.*

13. Why is sport so bad this year ?

ਐਤਕੀ (ਐਸ ਵਰਹੇ) ਸ਼ਕਾਰ ਅਜਿਹਾ ਹਲਕਾ ਕਿਉਂ ਹੈ । *aitkī (ais warhe) shakār ajihā halkā kyon hai.*

14. The rains are now over, all the jhils are dry, and the birds are returning towards the hills.

ਹੁਨ ਮੀਂਹ ਪੈ ਹਟਿਆ ਹੈ ਤੇ ਝੀਲਾਂ ਸੁਕ ਗਈਆਂ ਹਨ ਤੇ ਪੰਛੀ ਪਹਾੜਾਂ ਦੀ ਵਲ ਮੁੜੇ ਜਾਂਦੇ ਹਨ । *huṇ mīnh pai haṭiā ha- te jhīlān suk gaīān han te panchh- pahāṛān dī wal muṛe jānde haṇ.*

15. Some cattle were in the jhils they frightened the birds.

ਕਈ ਡੰਗਰ ਝੀਲਾਂ ਵਿਚ ਸਨ ਤੇ ਓਨ੍ਹਾਂ ਨੇ ਪੰਛੀਆਂ ਨੂੰ ਡਰਾ ਦਿਤਾ । *kaī dṅga- jhīlān wich san te ohnān ne panchhīān nūn darā dittā.*

16. There is little sport in my country because the hills are very steep and roads bad.

ਮੇਰੇ ਦੇਸ ਵਲ ਥੋੜਾ ਜਿਹਾ ਸ਼ਕਾਰ ਹੈ ਕਿਉਂ ਜੋ ਪਹਾੜ ਸਿਰ ਤਲਵਾਏ ਹਨ ਤੇ ਰਸਤੇ ਖਰਾਬ ਹਨ । *mere des wal thoṛā jih- shikār hai kyon jo pahāṛ sir talwā- haṇ te raste kharāb han.*

* Section XI.—Colloquial.

੧ ਤੁਹਾਨੂੰ ਹਾੜ੍ਹੀ ਦੇ ਕਿੱਨੇ ਦਾਣੇ ਹੋਏ ਹਨ।
੨ ਪੰਦਰਾਂ ਮਾਣੀਆਂ ਬਾਰਾਂ ਵਟੀਆਂ ਤੇ ਛੀ ਸੇਰ।
੩ ਤੁਹਾਡੀ ਭਿਆਲੀ ਕਿਸ ਦੇ ਨਾਲ ਸੀ ?।
੪ ਮੈਂ ਕਦੀ ਕਿਸੇ ਨਾਲ ਭਿਆਲੀ ਨਹੀਂ ਕੀਤੀ।
੫ ਵਾਹੀ ਕਿਨੀਆਂ ਜੋਗਾਂ ਦੀ ਸੀ ?
੬ ਬਰਾਨੀ ਹੀ ਵਾਹੀ ਸੀ ਜਾਂ ਖੂਹ ਦੀ ਵੀ ਸੀ ?
੭ ਕੁਝ ਬਰਾਨੀ ਤੇ ਕੁਝ ਖੂਹ ਦੀ।
੮ ਖੂਹ ਉਤੇ ਕਿਨੇ ਵਿਗੇ ਸੇ ਤੇ ਬਰਾਨੀ ਕਿਨੇ ?
੯ ਖੂਹ ਵਿੱਚ ਤੁਹਾਡਾ ਕਿਤਨਵਾਂ ਹਿੱਸਾ ਹੈ ?
੧੦ ਮੈਂ ਤੀਸਰੇ ਹਿੱਸੇ ਦਾ ਮਾਲਕ ਹਾਂ।
੧੧ ਕਿਨਿਆਂ ਦਿਨਾਂ ਪਿੱਛੋਂ ਤੁਹਾਨੂੰ ਖੂਹ ਦੀ ਵਾਰੀ ਆਉਂਦੀ ਹੈ।
੧੨ ਇੱਕ ਅਠਵਾਰੇ ਵਿੱਚ ਦੋ ਵਾਰੀ।
੧੩ ਇੱਕ ਦਿਨ ਵਿੱਚ ਕਿੱਨੀ ਪੈਲੀ ਸਿੰਜ ਸਕਦੇ ਹੋ ?
੧੪ ਜੇਕਰ ਬੈਲ ਤਕੜੇ ਹੋਣ ਤਾਂ ਇਕ ਦਿਨ ਵਿੱਚ ਤਿੰਨ ਚਾਰ ਵਿਗੇ ਪੈਲੀ ਸਿੰਜੀ ਜਾ ਸਕਦੀ ਹੈ।
੧੫ ਇੱਕ ਜੋਗ ਨੂੰ ਕਿਨੇ ਚਿਰ ਤਕ ਜੋਈ ਰੱਖਦੇ ਹੋ
੧੬ ਤਿੰਨ ਚਾਰ ਘੰਟੇ ਜੋਕੇ ਫੇਰ ਉਸਨੂੰ ਖੋਲਕੇ ਪੱਠਾ ਦਥਾ ਪਾ ਦੇਂਦੇ ਹਾਂ ਅਤੇ ਦੂਜੀ ਜੋੜੀ ਨੂੰ ਜੋ ਦੇਂਦੇ ਹਾਂ।
੧੭ ਜੇਕਰ ਤੁਹਾਡੀ ਵਾਰੀ ਵਿੱਚ ਖੂਹ ਵਿਗੜ ਜਾਵੇ ਤਾਂ ਤੁਹਾਨੂੰ ਬਨਾਉਣਾ ਪੈਂਦਾ ਹੈ ਕਿ ਸਾਰੇ ਭਿਆਲਾਂ ਨੂੰ ?
੧੮ ਜਿਸਦੀ ਵਾਰੀ ਵਿੱਚ ਖੂਹ ਵਿਗੜੇ ਉਸੇ ਨੂੰ ਬਨਾਉਣਾ ਪੈਂਦਾ ਹੈ।
੧੯ ਮਾਲ੍ਹ ਕਿਨਿਆਂ ਚਿਰਾਂ ਪਿਛੋਂ ਪਾਉਂਦੇ ਹੋ ?
੨੦ ਮਾਲ੍ਹ ਅਸਕਰ (ਅਕਸਰ) ਤਿੰਨੀ ਚੌਂ ਮਹੀਨੀ ਪਾਉਂਦੇ ਹੁੰਦੇ ਹਾਂ ਪਰ ਜੇਕਰ ਛੇਤੀ ਘਸ ਜਾਏ ਤਾਂ ਨਵੀਂ ਪਾ ਦਿੰਦੇ ਹੋਂਦੇ ਹਾਂ।
੨੧ ਤੁਸੀਂ ਦੋਵੇਂ ਭਿਆਲ ਹੀ ਕੰਮ ਕਰਦੇ ਹੋ ?
੨੨ ਨਹੀਂ ਇੱਕ ਸੇਪੀ ਨਾਲ ਰਲਾਇਆ ਹੋਇਆ ਹੈ।
੨੩ ਓਹ ਸੇਪੀ ਕੌਣ ਹੈ ?
੨੪ ਓਹ ਆਪਣੇ ਘਰ ਦਾ ਚੂਹੜਾ ਹੈ।
੨੫ ਓਹ ਤੁਹਾਨੂੰ ਕੀ ਕੰਮ ਦਿੰਦਾ ਹੈ ?
੨੬ ਸਾਰਾ ਵਾਹੀ ਦਾ ਕੰਮ ਉਸੇ ਦੇ ਸਿਰਤੇ ਹੈ ਪਰ ਵੱਡਾ ਕਠਨ ਕੰਮ ਇਹ ਕਰਦਾ ਹੈ ਜੋ ਸਿਆਲ ਨੂੰ ਜਦ ਖੂਹ ਵਗਦਾ ਹੈ ਤਾਂ ਰਾਤ ਦੇ ਵੇਲੇ ਪਾਣੀ ਅਗੇ ਹੁੰਦਾ ਹੈ ਤੇ ਕਿਆਰਾ ਮੋੜਦਾ ਹੈ।

* For hard words consult the vocabulary at the end.

੨੭ ਉਸਨੂੰ ਰਾਤ ਪਾਣੀ ਅਗੇ ਪਾਲਾ ਨਹੀਂ ਲਗਦਾ ?
੨੮ ਨਹੀਂ ਓਹ ਉਥੇ ਇਕ ਧੂਆਂ ਪਾ ਲੈਂਦਾ ਹੈ ਅਤੇ ਉਸਉਤੇ ਬੈਠਕੇ ਅੱਗ ਸੇਕ
ਰਹਿੰਦਾ ਹੈ ।
੨੯ ਮੈਂ ਜਾਣਦਾ ਹਾਂ ਜੋ ਉਹ ਰਾਤ ਸੌਂਦਾ ਤਾਂ ਨਹੀਂ ਹੋਣਾ ?
੩੦ ਨਹੀਂ ਜੇ ਸਵੇਂ ਤਾਂ ਪਾਣੀ ਵਰਾਨ ਹੋਜਾਵੇ ।
੩੧ ਇੱਕ ਵੇਰ ਦੀ ਪੈਲੀ ਸਿੰਜੀ ਹੋਈ ਕਿਨੇ ਦਿਨਾਂ ਤੀਕ ਰਹ ਸਕਦੀ ਹੈ ?
੩੨ ਜੇ ਚੰਗੀ ਤਰਾਂ ਸਿੰਜੀ ਜਾਵੇ ਤਾਂ ਪੰਦਰਾ ਵੀਹਾਂ ਦਿਨਾਂ ਤੱਕ ਉਸਦਾ ਕੁਝ ਨਹ
ਵਿਗੜਦਾ ।
੩੩ ਜੇ ਸੋਕਾ ਪੈ ਜਾਵੇ ਤਾਂ ਕੀ ਕਰਦੇ ਹੋ ?
੩੪ ਦੂਜੇ ਖੂਹ ਦੇ ਭਿਆਲ ਤੋਂ ਵਾਰੀ ਮੰਗਦੇ ਹਾਂ ਜੇ ਓਹ ਦੇਵੇ ਤਾਂ ਬਚ ਜਾਂਦੀ
ਨਹੀਂ ਤਾਂ ਕੁਝ ਵਾਹ ਨਹੀਂ ।
੩੫ ਖੂਹ ਦਾ ਤੁਹਾਡੇ ਹਿੱਸੇ ਵਰਹੇ ਵਿਚ ਕੀ ਆਉਂਦਾ ਹੈ ?
੩੬ ਅਸੀ ਚੁਹਾਰਮ ਦੇ ਮਾਲਕ ਹਾਂ ਅਤੇ ਦਸ ਰੁਪਜੇ ਦੇਣੇ ਪੈਂਦੇ ਹਨ ।
੩੭ ਜੋ ਖੂਹ ਵਿਗੜ ਜਾਵੇ ਤਾਂ ਕੌਣ ਬਣਾਉਂਦਾ ਹੈ ?
੩੮ ਜੇ ਵਿਗੜੇ ਸੇਪ ਵਾਲਾ ਤਰਖਾਣ ਬਣਾਉਂਦਾ ਹੈ ।
੩੯ ਉਸਨੂੰ ਕੀ ਦੇਂਦੇ ਹੁੰਦੇ ਹੋ ?
੪੦ ਵਿਆਹ ਸ਼ਾਦੀ ਉਤੇ ਰੁਪਈਆ ਅਤੇ ਸਾਰੇ ਟਬਰ ਦੀ ਰੋਟੀ ਅਰ ਫੇਰ ਫਸ
ਉਤੇ ਦਾਣੇ ।
੪੧ ਓਹ ਲੁਹਾਰਾ ਤਰਖਾਣਾ ਦੋਵੇਂ ਕੰਮ ਕਰ ਲੈਂਦਾ ਹੈ ?
੪੨ ਨਹੀਂ ਲੁਹਾਰ ਅਡ ਹੁੰਦਾ ਹੈ ਅਤੇ ਉਸਨੂੰ ਵੀ ਤਰਖਾਣ ਵਾਂਗੂ ਦਿੰਦੇ ਹਾਂ ।
੪੩ ਸੇਪ ਵਾਲੇ ਚੂਹੜੇ ਨੂੰ ਕੀ ਦਿੰਦੇ ਹੁੰਦੇ ਹੋ ?
੪੪ ਫਸਲ ਵਿਚੋਂ ਵੀਹਵਾਂ ਹਿਸਾ ।
੪੫ ਖੂਹ ਦੇ ਲਈ ਟਿੰਡਾਂ ਕਿਥੋਂ ਲੈਂਦੇ ਹੋ ?
੪੬ ਆਪਣੇ ਘੁਮਿਆਰ ਕੋਲੋਂ ।
੪੭ ਉਸਨੂੰ ਮੁਲ ਦੇਂਦੇ ਹੋ ?
੪੮ ਨਹੀਂ ਉਸਨੂੰ ਵੀ ਤਰਖਾਣ ਵਾਂਗੂ ਦਾਣਾ ਫਕਾ ਦਿੰਦੇਹਾਂ ।
੪੯ ਸਾਰੇ ਹਾੜੀ ਦੇ ਫਸਲ ਦੀ ਤੁਹਾਡੀ ਕਿਨੀ ਕਣਕ ਹੁੰਦੀ ਹੈ ?
੫੦ ਸਾਹੀ ਬਰਾਨੀ ਅਤੇ ਖੂਹ ਦੀ ਪਾਕੇ ਚਾਰਸੌ ਭਰੀ ਹੁੰਦੀਹੈ ।
੫੧ ਇਕ ਭਰੀ ਵਿਚ ਕਿਨੇ ਪੂਲੇ ਹੁੰਦੇ ਹਨ ਤੇ ਦਾਣੇ ਕਿਨੇ ਨਿਕਲਦੇਹਨ ?
੫੨ ਇਕ ਭਰੀ ਵਿਚ ੧੫ ਪੂਲੇ ਹੁੰਦੇ ਹਨ ਤੇ ਦਾਣੇ ਮਣ ਜਾ ਸਵਾ ਮਣ
ਨਿਕਲਦੇ ਹਨ ।
੫੩ ਭਰੀਆਂ ਵਿਚੋਂ ਕਣਕ ਕਿਸ ਤਰਾਂ ਕਢਦੇ ਹੋ ?
੫੪ ਪਹਿਲਾਂ ਤਾਂ ਸਾਰੀਆਂ ਭਰੀਆਂ ਪਿੜ ਵਿਚ ਲੈ ਆਉਂਦੇ ਹਾਂ ਫੇਰ ਉਸ ਨੂੰ
ਨਾਲ ਗਾਹ ਸੁਟਦੇ ਹਾਂ ।

੫੫ ਜੇ ਥੋੜੀ ਹੋਵੇ ਤਾਂ ਮੋਹੜ ਪਾਉਂਦੇ ਹਾਂ।
੫੬ ਇਕ ਦਿਨ ਵਿਚ ਕਿਨੀਆਂ ਭਰੀਆਂ ਗਾਹੁੰਦੇ ਹੋ?
੫੭ ਜੇ ਸਾਰਾ ਦਿਨ ਲਗੇ ਰਹੀਏ ਤਾਂ ਪੰਜਾਹਕੁ ਭਰੀਆਂ ਦਾ ਸੋਂਡ ਹੋ ਜਾਂਦਾ ਹੈ।
੫੮ ਤੁਹਾਨੂੰ ਹਾੜੀ ਦੀ ਕਣਕ ਕਿਨੀ ਆਈ?
੫੯ ਸਾਢੇ ਚਾਰ ਸੌ ਮਣ ਜਿਸ ਵਿਚੋਂ ਪੰਜਾਹ ਮਣ ਕਮੀਨਾਂ ਨੂੰ ਦੇ ਦਿੱਤੀ।
੬੦ ਤੁਹਾਨੂੰ ਤੂੜੀ ਕਿਨੀ ਆਈ?
੬੧ ਤੂੜੀ ਪੰਜ ਸੌ ਪੰਡਾਂ ਨਿਕਲੀ ਸੀ।
੬੨ ਉਸਨੂੰ ਪਿੰਡ ਲੈ ਆਂਦਾ ਹੈ ਕਿ ਬਾਹਰ ਹੀ ਰਹਿਣ ਦਿਤਾ ਹੈ?
੬੩ ਚਾਲੀਕੁ ਪੰਡਾਂ ਘਰ ਲੈ ਆਂਦੀਆਂ ਹਨ ਅਰ ਰਹਿੰਦੀ ਦੇ ਖੂਹ ਉਤੇ ਮੂਸਲ ਬਨ੍ਹ ਦਿਤੇ ਹਨ।
੬੪ ਤੁਹਾਡੇ ਕੋਲ ਕਿਨੇ ਪਸੂ ਹਨ?
੬੫ ਮੇਰੇ ਕੋਲ ਤੀਹ ਵਗੇ ਅਤੇ ਪੰਜ ਮਹੀਆਂ ਅਰ ਪੰਜ ਸਤ ਗਊਆਂ ਹਨ।
੬੬ ਤੁਹਾਡੇ ਪਿੰਡ ਦੇ ਕੋਲ ਕੋਈ ਨਹਿਰ ਹੈ?
੬੭ ਨਹਿਰ ਤਾਂ ਨਹੀਂ ਪਰ ਇਕ ਸੂਆ ਹੈ।
੬੮ ਕੀ ਉਸ ਸੂਏ ਦਾ ਪਾਣੀ ਸਾਰੇ ਪਿੰਡ ਦੀ ਜ਼ਮੀਨ ਵਿਚ ਪੈਂਦਾ ਹੈ?
੬੯ ਨਹੀਂ ਅਧੇ ਪਿੰਡ ਨੂੰ ਆਉਂਦਾ ਹੈ ਤੇ ਅਧੇ ਉਤੇ ਨਹੀਂ ਚੜ੍ਹ ਸਕਦਾ।
੭੦ ਨਹਿਰ ਦੀ ਜ਼ਮੀਨ ਦਾ ਬਰਾਨੀ ਨਾਲੋਂ ਕਿਨਾ ਜ਼ਾਦਾ ਮਾਮਲਾ ਦਿੰਦੇ ਹੋ
੭੧ ਬਰਾਨੀ ਨਾਲੋਂ ਨਹਿਰ ਉਤੇ ਦੂਣਾ ਲਗਦਾ ਹੈ।
੭੨ ਜੇ ਨਹਿਰ ਦਾ ਪਾਣੀ ਉਚੇ ਥਾਂ ਚੜ੍ਹਾਉਣਾ ਹੋਵੇ ਤਾਂ ਕੀ ਕਰਦੇ ˜?
੭੩ ਜਾਂ ਤਾਂ ਝਟੇ ਨਾਲ ਚੜ੍ਹਾਉਂਦੇ ਹਾਂ ਜਾਂ ਝਲਾਰ ਨਾਲ।
੭੪ ਢੀਂਗੁਲੀ ਤੁਹਾਡੇ ਨਹੀਂ ਲਾਉਂਦੇ?
੭੫ ਨਹੀਂ ਮਾਝੇ ਵਿਚ ਢੀਂਗੁਲੀ ਘਟ ਵਰਤਦੇ ਹਨ।
੭੬ ਨਹਿਰ ਵਿਚੋਂ ਪੈਲੀ ਵਿਚ ਪਾਣੀ ਕੀਕੂ ਪਾਉਂਦੇ ਹੋ?
੭੭ ਨਹਿਰ ਵਿਚੋਂ ਇਕ ਖਾਲ ਕਢ ਦੇ ਹਾਂ ਅਤੇ ਉਸ ਖਾਲ ਵਿਚੋਂ ਪਾਣੀ ਪੈਲੀ ਵਿਚ ਆਉਂਦਾ ਹੈ।
੭੮ ਜੇ ਤੁਸੀਂ ਪਾਣੀ ਲੈਣਾ ਹੋਵੇ ਤਾਂ ਕਿਸ ਪਾਸੋਂ ਲੈਂਦੇ ਹੋ?
੭੯ ਜੇ ਪਾਣੀ ਦੀ ਲੋੜ ਹੋਵੇ ਤਾਂ ਜ਼ਿਲੇਦਾਰ ਨੂੰ ਆਖਦੇ ਹਾਂ।
੮੦ ਉਸਦੇ ਹੇਠਾਂ ਹੋਰ ਕੌਣ ਕੰਮ ਕਰਦਾ ਹੈ?
੮੧ ਇਕ ਚਪੜਾਸੀ ਹੁੰਦਾ ਹੈ।
੮੨ ਓਹ ਕੀ ਕੰਮ ਕਰਦਾ ਹੈ?
੮੩ ਓਹ ਵੇਖਦਾ ਹੈ ਜੋ ਕਿਤੇ ਪਾਣੀ ਖਰਾਬ ਨਾ ਹੋਵੇ ਅਤੇ ਕੋਈ ਚੋਰੀ ਪਾਣੀ ਨਾ ਲੈ ਲਵੇ।
੮੪ ਜੇ ਕੋਈ ਚੋਰੀ ਪਾਣੀ ਲੈ ਲਵੇ ਤਾਂ ਕੀ ਹੁੰਦਾ ਹੈ?
੮੫ ਜੇ ਚਪੜਾਸੀ ਵੇਖ ਲਵੇ ਤਾਂ ਜਰਮਾਨਾ ਹੁੰਦਾ ਹੈ।

੮੬ ਓਹ ਜਰਮਾਨਾ ਕੌਣ ਕਰਦਾ ਹੈ ?

੮੭ ਨਹਿਰ ਵਾਲਾ ਸਾਹਿਬ।

੮੮ ਤੁਸੀ ਇਕ ਵਿਗੇ ਦਾ ਕੀ ਮਾਮਲਾ ਦਿੰਦੇ ਹੋ ?

੮੯ ਸਰਕਾਰੇ ਛੇ ਆਨੇ ਵਿਗਾ ਭਰਦੇ ਹਾਂ।

੯੦ ਜੇਕਰ ਕੋਈ ਤੁਹਾਡੀ ਭੋਂ ਬੀਜੇ ਓਸਥੋਂ ਕੀ ਲੈਂਦੇ ਹ ?

੯੧ ਕਦੀ ਰੁਪਈਆ ਵਿਗਾ ਕਦੀ ਸਵਾ ਰੁਪਈਆ।

੯੨ ਤੁਸੀਂ ਮਾਮਲਾ ਸਰਕਾਰੇ ਕੀਕਰ ਤਾਰਦੇ ਹੋ ?

੯੩ ਅਸੀਂ ਤਾਂ ਨੰਬਰਦਾਰ ਨੂੰ ਦੇਂਦੇ ਹਾਂ।

੯੪ ਤੁਸਾਡੇ ਪਿੰਡ ਵਿਚ ਕਿੰਨੇ ਨੰਬਰਦਾਰ ਹਨ ?

੯੫ ਤਿਨ ਨੰਬਰਦਾਰ ਤੇ ਦੋ ਆਲਾ ਨੰਬਰਦਾਰ।

੯੬ ਓਹਨਾ ਦੇ ਉਤੇ ਵਡਾ ਕੌਣ ਹੈ ?

੯੭ ਉਸ ਨੂੰ ਜ਼ੈਲਦਾਰ ਆਖਦੇ ਹਨ।

੯੮ ਲੰਬਰਦਾਰ ਕੀ ਕੰਮ ਕਰਦਾ ਹੈ ?

੯੯ ਓਹ ਆਪਣੀਆਂ ਸਾਮੀਆਂ ਦਾ ਮਾਮਲਾ ਕਠਾ ਕਰਦਾ ਹੈ।

੧੦੦ ਓਹ ਕਠਾ ਕਰਕੇ ਕਿਸ ਨੂੰ ਦੇਂਦਾ ਹੈ ?

੧੦੧ ਸਾਰੇ ਨੰਬਰਦਾਰ ਆਪਣਾ ਆਪਣਾ ਰੁਪਈਆ ਕੱਠਾ ਕਰਕੇ ਪਟਵਾਰੀ ਨੂੰ ਦੇਂਦੇ ਹਨ।

੧੦੨ ਪਟਵਾਰੀ ਕੌਣ ਹੁੰਦਾ ਹੈ ?

੧੦੩ ਪਟਵਾਰੀ ਜਮੀਨ ਕਛਦਾ ਹੈ ਅਤੇ ਜਿਤਨਾ ਮਾਮਲਾ ਕਿਸੇ ਦੇ ਜਿਮੇਂ ਹੋਵੇ ਓਹ ਦਸਦਾ ਹੈ ਅਤੇ ਮਾਮਲਾ ਤਸੀਲ ਵਿਚ ਤਾਰ ਦੇਂਦਾ ਹੈ।

੧੦੪ ਇਕ ਵਰਹੇ ਵਿਚ ਕਿਨੀ ਵਾਰ ਮਾਮਲਾ ਦੇਂਦੇ ਹੋ ?

੧੦੫ ਇਕ ਵਰਹੇ ਵਿਚ ਦੋ ਕਿਸਤਾਂ ਤਾਰਦੇ ਹਾਂ ਹਾੜੀ ਅਤੇ ਸੌਣੀ।

੧੦੬ ਮਾਮਲਾ ਸਦਾ ਇਕੋ ਰਹਿੰਦਾ ਹੈ ?

੧੦੭ ਹਾਂ ਜਦ ਤੀਕਰ ਬੰਦੋਬਸਤ ਨਾ ਹੋਵੇ ਇਕੋ ਰਹਿੰਦਾ ਹੈ।

੧੦੮ ਜੇ ਕੋਈ ਜਟ ਮਾਮਲਾ ਨਾ ਦੇਵੇ ਤਾਂ ਕੀ ਹੁੰਦਾ ਹੈ ?

੧੦੯ ਨੰਬਰਦਾਰ ਉਸਦੇ ਨਾਂਓਂ ਬਰੰਟ ਜਾਰੀ ਕਰਦਾਹੈ ਅਤੇ ਓਹ ਤਸੀਲੇ ਬੁਲਾਇਆ ਜਾਂਦਾ ਹੈ ਅਰ ਜਦ ਤਕ ਮਾਮਲਾ ਨਾ ਤਾਰੇ ਹਵਾਲਾਟ ਵਿਚ ਬੰਦ ਰਹਿੰਦਾ ਹੈ।

੧੧੦ ਹਛਾ ਹੁਣ ਬਸ ਏਨੀ ਗਲ ਬਾਤ ਬਤੇਰੀ ਹੈ।

IDIOMS.

1. A mortal wound. — ਕਾਰੀ ਘਾਓ । *kārī ghāo*

2. To mount a Battery. — ਤੋਪਖਾਨਾ ਬੀੜਨਾ । *top khānā bīṛnā.*

3. Now-a-days. — ਅਜ ਕਲ । *aj kal.*

4. Both sides claimed the victory. — ਦੋਹਾਂ ਆਪੋ ਆਪਨੀ ਫਤੇ ਦਸੀ । *dohāṅ āpo āpnī fatte dassī.*

5. To fall ill (with fever). — * ਤਪ ਚੜ੍ਹਨਾ । *tap chaṛhnā.*

6. To fight hard. — ਭਾਰੀ ਲੜਾਈ ਕਰਨੀ । *bhārī laṛāī karnī.*

7. Beyond one's power. — ਬਲ ਤੋਂ ਬਾਹਰ । *bal toṅ bāhar.*

8. What is the matter with him? — ਓਸਨੂੰ ਕੀ ਹੋਇਆ ਹੈ । *us nūṅ kī hoiyā hai?*

9. As a matter of fact. — ਜੇ ਸਚ ਪੁਛੋ ਤਾਂ । *je sach puchho tāṅ.* / ਅਸਲ ਵਿਚ । *asal wich.*

10. On enquiry we learned. — ਪੁਛਨ ਤੇ ਸਾਨੂੰ ਮਲੂਮ ਹੋਇਆ । *puchhan te sāṇūṅ malūm hoiā.*

11. According to one's means. — ਜਿਨੀਕੁ ਸਮਰਥ ਹੋਵੇ । *jinīku samrath howe.* / ਜਿਨੀਕੁ ਪਹੁੰਚ ਹੋਵੇ । *jinīku pahuṅch howe*

12. Along the road. — ਰਸਤੇ ਦੇ ਕਨਾਰੇ ਕਨਾਰੇ । *raste de kanāre kanāre.*

13. One of them. — ਓਨ੍ਹਾਂ ਵਿਚੋਂ ਇਕ । *unhāṅ wichoṅ ikk.*

14. Just then. — ਉੱਸੇ ਵੇਲੇ । *usse wele.*

15. Soon after this. — ਇਸਤੋਂ ਥੋੜਾ ਚਿਰ ਪਿਛੋ । *is toṅ thoṛā chir pichhe.*

---

*Note the idiom ਤਪ (*tap*) fever takes ਚੜ੍ਹਨਾ । (*charhnā*

16	Said to the man who was with him.	ਆਪਨੇ ਨਾਲ ਦੇ ਮਨੁਖ ਨੂੰ ਕਿਹਾ। *āppe ṇāl de maṇukh nūṅ kihā.*
17.	From beginning to end.	ਆਦ ਤੇ ਅੰਤ ਤੀਕ। *ād te aṅt tīk.*
18.	During his life time.	ਉਸਦੇ ਜੀਉਂਦੇ ਜੀ। *us de jīoṅde jī.*
19.	I feel very hungry.	*ਮੈਨੂੰ ਵੱਡੀ ਭੁਖ ਲਗੀ ਹੋਈ ਹੈ। *main nūṅ waḍḍī bhukh laggī hoī hai.*
20.	Outwardly.	ਉਪਰੋਂ ਤਾਂ *upron tāṅ* ਉਪਰਲੇ ਮਨੋ। *uparle manoṅ.*
21.	Inwardly.	ਅੰਦਰਲੇ ਮਨੋ ਜਾਂ ਖਾਨਿਓਂ *andarle maṇoṅ jāṅ khānion.*
22.	There is no hurry	ਕੁਝ ਕਾਹਲ ਨਹੀਂ। *kujh kāhal nahīṅ.*
23.	To put a thing under ones arm.	ਕਛ ਵਿੱਚ ਮਾਰਨਾ। *kachh wichch mārnā.*
24.	To levy a fine.	ਜਰਮਾਨਾ ਕਰਨਾ। *jarmāṇā karṇā.*
25.	A forced march.	ਡਬਲ ਕੂਚ। *dabbal kūch.*
26.	I have been waiting for a long time.	ਮੈਂ ਚਰੋਕਣਾ ਉਡੀਕਦਾ ਹਾਂ। *main char-okṇā uḍikdā hāṅ.*
27.	To seize (take possession of a place).	ਲੈ ਲੈਣਾ or ਖੋਹ ਲੈਣਾ। *lai lainā or khoh lainā.*
28.	To drive of the enemy.	ਵੈਰੀ ਨੂੰ ਭਾਜੜ ਪਾਉਣਾ *wairī nūṅ bhājaṛ pāoṇā.*
29.	All were subject to his authority.	ਸਾਰੇ ਉਸਦੇ ਅਧੀਨ ਸੀ। *sāre usde adhīṇ sī.*
30.	The rain fell in torrents.	ਮੀਂਹ ਮੋਹਲੇ ਧਾਰ ਪਿਆ। *mīṅh mohl dhār piā.*
31.	Periodical rain.	ਮੌਸਮੀ ਬਰਸਾਤ। *mosmī barsāt.*
32.	For the most part.	ਬਹੁਤ ਕਰਕੇ। *bahut karke.*

* Note the construction ਭੁਖ (*bhukh*) hunger and ਤੇਹ (*teh*) thirst *takes* ਲਗਨ

33. They were sound sleep. — ਓਹ ਬੇਸੁਧ ਸੁਤੇ ਪਏ ਸੇ। *oh besudh sutte pae se.*

34. To scratch one's head. — ਸਿਰ ਖੁਰਕਨਾ। *sir khurkanna.*

35. He fell down like a bag of bones. — ਓਹ ਚਕਨਾਚੂਰ ਹੋਕੇ ਡਿਗ ਪਿਆ। *oh chaknā chūr hoke dig piā.*

36. Our artillery showed such skill that the enemy retired. — ਸਾਡੇ ਤੋਪਖਾਨੇ ਨੇ ਅਜੇਹੀ ਸੂਰ ਬੀਰਤਾ। ਦਿਖਾਈ ਜੋ ਵੈਰੀ ਦਾ ਮੂੰਹ ਮੋੜ ਦਿਤਾ *sāḍe topkhāne ne aje'ī sūr bīrtā dikhāī jo wairī dā mūṅh moṛ dittā.*

37. We could not help. — ਸਾਡੀ ਕੁਝ ਵਾਹ ਨਾ ਚਲੀ। *sāḍī kujh wāh nā chalī.*

38. To make a night attack. — ਛਾਪਾ ਮਾਰਨਾ। *chhāpā mārṇā.*

39. He was severely but not dangerously wounded. — ਘਾ ਤਾਂ ਓਹਦੇ ਕਾਰੀ ਲਗਿਆ ਪਰ ਮਰਨ ਦਾ ਧੋਖਾ ਨਾਸੀ। *ghā tāṅ ohde kārī lagiā par marṇ dā dhokhā nā sī.*

40. It does not matter. — ਕੁਝ ਚਿੰਤਾ ਨਹੀਂ। *kujh chintā nahīṅ.*

41. Restore order. — ਤਹਿਤ ਬਠਾਓਨਾ। *tahat baṭhāonā.*

42. To give no answer. — ਚੁਪ ਵਟਨਾ। *chup waṭnā.*

43. To enjoy (happily). — ਮੌਜਾਂ ਉਡਾਉਨਾ। *maujāṅ uḍāoṇā.*

44. Round-about. — ਦੁਵਾਲੇ। *duwāle.*

45. A rumour. — ਉਡਦੀ ਖਬਰ। *uḍḍī khabar.*

46. Through and through. — ਵਾਰ ਪਾਰ। *wār pār.*

47. For God's sake. — ਰਬ ਦੇ ਵਾਸਤੇ। *rab de wāste.*

48. This is beyond our power. — ਏਹ ਸਾਡੇ ਬਲ ਤੇ ਬਾਹਰਹੈ। *eh sāḍe bal te bāhar hai.*

49. In the evening. — ਸੰਧਿਆ ਵੇਲੇ। *sandhiā wele.*

50. With the first light of morning.	ਦਿਨ ਚੜ੍ਹਦਿਆਂਹੀ। *diṇ charhdiāṅ hī*
51. Early in the morning.	ਸਵੇਰੇ। *sawere.* ਤੜਕੇ *taṛke.*
52. At two o'clock.	ਦੋ ਵਜੇ। *do wajje*
53. In the afternoon.	ਤੀਜੇ ਪਹਿਰ (ਲੌਡੇ ਵੇਲੇ) *tīje pahir (lauḍewele).*
54. In the evening.	ਤਕਾਲਾਂ (ਸੰਧਿਆਂ) ਵੇਲੇ। *takālāṅ (sandhiān) wele.*
55. Just before day break.	ਦਿਨ ਚੜ੍ਹਨ ਤੋਂ ਰਤਾਕੁ ਅੱਗੇ। *diṇ chaṛahn toṅ ratāku agge.*
56. As the sun was setting.	ਜਦ ਸੂਰਜ ਡੁਬਨ ਲਗਾ। *jad sūraj ḍubaṇ laggā.*
57. About noon.	ਦੁਪਹਿਰੇ(ਦੁਪਹਿਰਕੁਵੇਲੇ) *dupahre (dupaharku wele).*
58. Saw the camp in a state of confusion.	ਸੈਨਾ ਦੀ ਹਾਲਤ ਉਲਟ ਪਲਟ (ਵਿਗੜੀ ਹੋਈ) ਵੇਖੀ। *saiṇā dī hālat ulaṭ pulaṭ (wigaṛī hoī) wekhī.*
59. He was one of the confederates.	ਓਹ ਵੀ ਇਕ ਸਾਂਝੀਆਂ ਵਿਚੋਂ ਸੀ। *oh wī ikk sāṅjhīāṅ wichchoṅ sī.*
60. Whose name I have forgotten now.	ਜਿਸਦਾ ਨਾਓਂ ਹੁਨ ਮੇਰੇ ਚੇਤੇ ਨਹੀਂ। *jis dā nāoṅ huṇ mere chete nahīṅ.*
61. Some of the enemy's troops	ਵੈਰੀ ਦੀਆਂ ਫੌਜਾਂ ਵਿਚੋਂ ਕੁਝ। *wairī dīāṅ faujāṅ wichhoṅ kujh.*
62. One of the two.	ਦੋਹਾਂ ਵਿਚੋਂ ਇੱਕ। *dohāṅ wichchoṅ ikk*
63. One of them.	ਉਨ੍ਹਾਂ ਵਿਚੋਂ ਇੱਕ। *uṇahāṅ wichchoṅ ikk.*
64. As night began to fall.	ਜਦ ਰਾਤ ਪੈਨ ਲਗੀ। *jad rāt pain laggī.*
65. To remain in prison.	ਕੈਦ ਕਟਨਾ। *kaid kaṭnā.*
66. He has received no injury.	ਉਸਨੂੰ ਕੋਈ ਜ਼ਰਬ ਨਹੀਂ ਆਈ। *usnūṅ koī jarb nahīṅ āī.*

67.	After a short time.	ਰਤਾਕੁ ਪਿਛੇ । *ratāku pichhe.*
68.	As much as you can.	ਜਿਨਾਂ ਤੈਥੋਂ ਹੋਸਕੇ *jiṇāṅ taithoṅ ho sakke.*
69	This year.	ਐਤਕੀਂ । *aitakīṅ.*
70.	God knows what would happen.	ਕੀ ਜਾਨੀਏ ਕੀ ਹੋਵੇ । *kī jānte kī howe.*
71.	To look after the house.	ਘਰ ਦੀ ਤਕੜਾਈ ਰਖਨਾ। *ghar dī takṛāī rakhnā.*
72.	The crops are the height of a man	ਖੇਤੀਆਂ ਮਰਦ ਮਰਦ ਖਲੋਤੀਆਂ ਹਨ । *khetīāṅ marad marad khalotīāṅ han.*
73.	According to one's means.	ਜਿਨੀਕੁ ਪਹੁੰਚ ਹੋਵੇ । *jinīku pahunch howe.*
74.	To serve with great distinction.	ਵੱਡੀ ਪਤ ਨਾਲ ਨੌਕਰੀ ਕਰਨਾ । *waḍḍī pat nāl naukrī karṇā.*
75.	To turn out of the caste ?	ਛੇਕ ਦੇਨਾ । *chhek denā.*
76.	Down the stream.	ਲਹਿੰਦੀ ਤੁਲ (ਵਲ) *laiṅhdī tul (wal).*
77.	Up the stream.	ਚੜਦੀ ਤੁਲ (ਵਲ) *chaṛhdī tul (wal).*
78.	Not long ago.	ਥੋੜਾ ਚਿਰ ਹੋਇਆ ਹੈ । *thoṛā chir hoiā hai.*
79	Took council with Karam Singh.	ਕਰਮ ਸਿੰਘ ਨੂੰ ਮਿਲਕੇ ਸਲਾਹ ਕੀਤੀ । *karam singh nūṇ mil ke salāh kītī.*
80.	What plan shall we adopt.	ਕੀ ਡੌਲ ਕਰਨੀ ਚਾਹੀਦੀ ਹੈ । *kī daul karnī chāhīdī hai.*
81.	To oppose the enemy.	ਵੈਰੀ ਦਾ ਸਾਹਮਨਾ ਕਰਨ ਲਈ । *wairī dā sāhmnā karn laī.*
82.	With the assistance of that army	ਉਸੇ ਫੌਜ ਦੀ ਕੁਮਕ ਨਾਲ । *use fauj dī kumak nāl.*
83.	Took possession of the fort.	ਕਿਲੇ ਵਿੱਚ ਦਬਾਓ ਕਰ ਲਿਆ । *kile wichch dabāo kar liā.*
84.	He sent aword.	ਉਸਨੇ ਕਹਾ ਭੇਜਿਆ । *usne kahā bhejiā.*

85. The force has gone and joined Bhagwan Singh. — ਸੈਨਾ ਭਗਵਾਨ ਸਿੰਘ ਦੇ ਨਾਲ ਜਾ ਰਲੀ ਹੈ। *sainān Bhagwān Singh de nāl jā ralī hai.*

86. To defeat the enemy is difficult. — ਵੈਰੀ ਦਾ ਜਿੱਤਨਾ ਕਠਨ ਹੈ। *wairī dā jitnā kathaṇ hai.*

87. Contrary to his expectation. — ਉਸ ਦੇ ਭਰੋਸੇ ਤੇ ਉਲਟਾ। *usde bharose te ulaṭā.*

88. He came and attacked the fort. — ਕਿਲ਼ਾ ਮਾਰਨ ਆਨ ਪਿਆ। *kilā māraṇ ān piā.*

89. Do not allow Ram Singh to take possession of the fort. — ਰਾਮ ਸਿੰਘ ਨੂੰ ਕਿਲੇ ਵਿਚ ਦਬਾਓ ਨਾ ਕਰਨ ਦੇਨਾ। *Rām Singh nūṅ kile wich dabāo nā karan denā*

90. Having come by way of the Delhi Gate. — ਦਿਲੀ ਦਰਵਾਜੇ ਦੇ ਰਸਤੇ ਹੋਕੇ। *dilli darwāje de raste hoke.*

91. He entered into the city. — ਸ਼ਹਿਰ ਦੇ ਅੰਦਰ ਆਨ ਵੜਿਆ। *shahar de andar ān waṛiā.*

92. The army made straight for the fort. — ਫੌਜ ਕਿਲੇ ਵਲ ਸਿਧੀ ਹੋ ਪਈ। *fauj kile wal sidhhī ho paī.*

93. Having suffered many hardships. — ਕਈ ਤਰਾਂ ਦੇ ਦੁਖ ਉਠਾਕੇ। *kaī tarāṅ de dukh uṭhāke.*

94. A panic arose in the fort. — ਕਿਲੇ ਵਿਚ ਥਰਥਲਾ ਮਚ ਗਿਆ। *kile wich tharthalā mach giā.*

95. The guns ceased to fire. — ਗੋਲੇ ਚਲਨੋਂ ਹਟ ਗਏ। *gole chalnoṅ haṭ gae.*

96. The noise which had been. — ਜੋ ਰੌਲਾ ਪੈ ਗਿਆ ਸਾ। *jo raulā pai giā sā.*

97. With the force of their blows — ਉਨ੍ਹਾਂ ਦੀ ਸੱਟ ਨਾਲ। *unhāṅ dī saṭṭ nāl*

98. The gate was knocked down. — ਦਰਵਾਜਾ ਢੈ ਪਿਆ। *darwājā ḍhai piā.*

99. Came and made a charge. — ਹਲਾ ਕਰਕੇ ਆਨ ਪਿਆ। *hallā karke ān piā.*

100. Several guns were destroyed. ਕਈ ਤੋਪਾਂ ਵਰਾਨ ਹੋਗਈਆਂ । *kaī topāṅ warāṇ ho gaīāṅ.*

101. Turned them out of the fort. ਉਨ੍ਹਾਂ ਨੂੰ ਕਿਲੇ ਵਿਚੋਂ ਕਢ ਦਿਤਾ *unhāṅ nūṅ kile wichoṅ kaḍh dittā.*

102. The volley of the artillery men ਗੋਲਮਦਾਜਾਂ ਦੀਆਂ ਸ਼ਲਕਾਂ । *golamdājāṅ dīāṅ shalkāṅ.*

103. Caused them to retire. ਓਨਾਂ ਦਾ ਮੂੰਹ ਫੇਰ ਦਿਤਾ । *uṇhāṅ dā mūṅh pher dittā*

104. The walls were thrown down. ਕੰਧਾਂ ਢਹਾ ਸੁਟੀਆਂ । *kaṅdhāṅ dhahā suṭīāṅ*

105. Having created a disturbance in the fort. ਕਿਲੇ ਵਿਚ ਰੌਲਾ ਮਚਾ ਕੇ । *kile wich raulā machāke.*

106. Not to advance a step. ਇਕ ਪੈਰ ਵੀ ਅਗੇ ਨਹੀਂ ਪਟਨਾ । *ikk pair wī agge nahīṅ piṭnā.*

107 At random. ਅਟਕਲ ਪਚੂ । *aṭkal pachū.*

108. We became pale. ਸਾਡੇ ਮੂੰਹ ਪੀਲੇ ਫਟਕ ਹੋ ਗਏ । *sāḍe mūṅh pīle phaṭak hogae.*

109. Have you got any money. ਤੇਰੇ ਕੋਲ ਕੁਝ ਰੁਪੈ ਹਨ । *tere kol kujh rupai haṇ.*

110. To fall on the face. ਮੂੰਹ ਦੇ ਭਾਰ ਡਿਗਨਾ । *mūṅh de bhār ḍignā.*

111. I whispered to him. ਮੈਂ ਉਸਦੇ ਕੰਨ ਵਿੱਚ ਆਖਿਆ । *main us de kaṇṇ wichch ākhiā.*

112. To be ready to cry. ਅਖਾਂ ਭਰਨਾ । *akhāṅ bharṇā.*

PROVERBS.

1. Friends are plenty when the purse is full. ਬਣੀ ਤਣੀ ਦਾ ਸਭ ਕੋਈ ਸਾਥੀ *banī tanī dā sabh koī sāthī.*

2. What a pack of fools is here. ਇਥੇ ਮੂਰਖਾਂ ਦੀ ਕਿੱਨੀ ਭੀੜ ਹੈ *ithe mūrakhān dī kinnī bhīṛ hai.*

3. To make game of. ਠੱਠੇ ਵਿਚ ਉਡਾਉਣਾ *thathe wichch udāonā.*

4. A friend in need is a friend indeed. ਯਾਰ ਓਹ ਜੇਹੜਾ ਲੋੜਦੇ ਵੇਲੇ ਕੰਮ ਆਵੇ *yār oh jehṛā loṛ de wele kaṅm āwe.*

5. I abandoned all hope of recovery. ਮੈਂ ਜ਼ਿੰਦਗੀ ਤੋਂ ਹਥ ਧੋ ਬੈਠਾ ਹਾਂ *main jindgī toṅ hath dho baiṭhā hān.*

6. Adversity flatters no man. ਬਿਪਤਾ ਦਾ ਕੋਈ ਸਾਥੀ ਨਹੀਂ *biptā dā koī sāthī nahīṅ.*

7. Fall not out with a friend for a trifle. ਪੰਜੀਂ ਮਿਤ ਪੰਜਾਹੀਂ ਠਾਕੁਰ *paujīṅ mit paṅjāhīṅ ṭhākur.*

8. If you wish for good advice consult an old man. ਹਛੀ ਮਤ ਚਾਹੋ ਤਾਂ ਬੁਢੇ ਨੂੰ ਪੁਛਨ ਜਾਓ *hachhī mat chāho tāṅ budhe nūṅ puchhaṇ jāo.*

9. Two of a trade never agree. ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾਉਂਦੀਆਂ *ikk miāṇ wich do talwārāṅ nahīṅ samāoṅdīāṅ.*

10. Charity begins at home. ਪਹਲੇ ਆਪਨਾ ਫੇਰ ਪਰਾਯਾ *pahle āpnā pher parāiā.*

11. We shall be all alike in our grave. ਕਬਰ ਵਿਚ ਸਭ ਇਕੋ ਜਿਹੇ *kabar wich sabh ikko jihe.*

12. To kill two birds with one stone. ਇਕ ਕੰਮ ਦੋ ਕਾਜ *ikk kaṅm do kāj.*

13. No living man all things can. ਦੁਨੀਆਂ ਦੇ ਕੰਮ ਕਦੀ ਪੂਰੇ ਨਹੀਂ ਹੁੰਦੇ *dunīāṅ de kaṅm kadī pūre nahīn huṅde.*

14. All is well that ends well. ਅੰਤ ਭਲਾ ਸੋ ਭਲਾ *aṅt bhalā so bhalā.*

15. Discover not a secret to another. ਅਪਨਾ ਭੇਦ ਕਿਸੇ ਨੂੰ ਨਾ ਦੱਸੋ *apnā bhed kise nūṅ nāṅ dasso.*

16. Grief is the canker of the breast. ਸੋਗ ਦਿਲਦਾ ਰੋਗ । *sog dil dā rog.*

17. Man is a bundle of habits. ਆਦਮੀ ਆਦਤਾਂ ਦਾ ਪੁਤਲਾ ਹੈ । *ādmī ādtāṅ dā putlā hai.*

18. How long will he halt between the opinions. ਦੁਬਧਾ ਵਿਚ ਕਦ ਤਕ ਝੂਲੋਗੇ । *dubdhā wich kad tak jhūlo ge.*

19. Hold no grudge against another. ਇੱਕ ਦੂਜੇ ਨਾਲ ਈਰਖਾ ਨਾ ਰਖੋ । *ikk dūje nāl īrkkā nā rakho.*

20. Handsome is that handsome does. ਕੰਮ ਪਿਆਰਾ ਹੈ ਚੰਮ ਪਿਆਰਾ ਨਹੀਂ । *kaṅm piārā hai chaṅm piārā nahīṅ.*

21. No evil happens to the just. ਸਚ ਨੂੰ ਆਂਚ ਨਹੀਂ । *sach nūṅ āṅch nahīṅ.*

22. Health is above wealth. ਅਰੋਗਤਾ ਧਨ ਨਾਲੋਂ ਵਧੀਕ ਹੈ । *arogtā dhan nāloṅ wadhīk hai.*

23 God helps those who help themselves. ਉਦਮ ਅਗੇ ਲਛਮੀ ।*udam agge lachhmīṅ*

24. Thou didst hide thy face and I was troubled. ਸਾਂਈ ਅਖੀਂ ਫੇਰੀਆਂ ਵੈਰੀ ਜਗ ਜਹਾਨ । *sāīṅ akhīṅ pheriāṅ wairī jag jahāṅ.*

25. Honor thy father and thy mother. ਅਪਣੇ ਮਾਂ ਪਿਓ ਦਾ ਆਦਰ ਕਰੋ । *āpṇe māṅ pio dā ādar karo.*

26. A friend should bear with a friend's infirmities. ਮਿਤਰਾਂ ਦੇ ਔਗੁਨ ਨਹੀਂ ਚਤਾਰੇ ਜਾਂਦੇ। *mitrāṇ de augāṅ nahīṅ chitāre jāṅde.*

27 Hours of pleasure are short. ਖੁਸ਼ੀ ਦੀਆਂ ਘੜੀਆਂ ਛੋਟੀਆਂ ਹੁੰਦੀਆਂ ਹਨ । *khushī diāṅ ghaṛiāṅ chhotiāṅ hundiāṅ haṇ.*

28. He that has many irons in the fire will find some of them cool. ਕੰਮ ਕਰਨ ਵਾਲੇ ਪਾਸੋਂ ਭੁੱਲ ਹੋਵੇਗੀ । *kaṅm karaṅ wāle pāson bhul howegī.*

29. Good jack makes good jill. ਜਿਹਾ ਗਭਰੂ ਤਿਹੀ ਵਹੁਟੀ । *jihā gabhrū tih wahuṭī.*

30. No joy without money. ਧਨ ਬਿਨਾ ਮੰਗਲ ਕਿਥੇ। *dhan bināṅ maṅgal kithe.*

31. All covet all loss. ਅਧੀ ਛੱਡ ਸਾਰੀ ਨੂੰ ਧਾਏ ਐਸਾ ਡੁੱਬੇ ਥਾਹ ਨ ਪਾਏ *adh- chhad sārī nūṅ dhāe aisā dube thāh nā pāe.*

32. He that is angry is seldom at ease. ਕ੍ਰੋਧੀ ਨੂੰ ਚੈਨ ਕਿਥੇ *karodhī nūṅ chain kithhe*

33. Alms giving never makes any man poor. ਦਾਨ ਦੀਏ ਧਨ ਨਾ ਘਟੇ *dān dīe dhan nā ghaṭe.*

34. Let another prais thee and not thy own mouth. ਆਪਨੇ ਮੂਹੋਂ ਮੀਯਾਂ ਮਿਠੂ ਨਾ ਬਨੋ Dont blow your own trumpet. *āpne mūṅhoṅ mīāṅ mithū nāṅ bano.*

35. Blows will answer blows. ਮੋਰੀ ਵਿੱਚ ਇੱਟ ਮਾਰੇ ਛਿਟਾਂ ਪੈਂਦੀਆਂ ਹਨ *mori wichch iṭṭ māre chhiṭān paiṅdīāṅ han.*

36. He who sows reaps ਜੋਤੇ ਹਲ ਤਾਂ ਪਾਵੇ ਫਲ *jote hal tāṅ pāwe phal.*

37. As the country so the garb. ਜੈਸਾ ਦੇਸ ਵੈਸਾ ਭੇਸ *jaisā des waisā bhes.*

38. Tit for tat. ਜੈਸੇ ਕੋ ਤੈਸਾ *jaise ko taisā.*

39. Know the bone which has fallen to thy lot. ਭਾਗਾਂ ਵਿੱਚ ਜੋ ਲਿਖਿਆ ਹੈ ਸੋ ਭੋਗਨਾ ਪਵੇਗਾ *bhāgāṅ wichch jo likhiā hai so bhognā pawegā.*

40. Good swimmers are often drowned. ਅਕਸਰ ਤਾਰੂ ਹੀ ਡੂਬਦਾ ਹੈ *aksar tārū hī dubdā hai.*

41. Mocking is catching. ਮੂੰਹ ਝਗਾਉਣ ਨਾਲ ਮੂੰਹ ਵਿੰਗਾ ਹੋ ਜਾਂਦਾ ਹੈ । *mūṅh jhagāoṅ nāl mūṅh wiṅgā ho jāṅdā hai.*

42. What is more miserable than discontent. ਹੌਕੇ ਨਾਲੋਂ ਬੁਰਾ ਕੀ ਹੈ *hauke nāloṅ burā kī hai.*

43. A good name is better than precious ointment. ਅਮੀਰੀ ਨਾਲੋਂ ਸੋਭਾ ਚੰਗੀ ਹੈ *amīrī nāloṅ sobhā changī hai.*

44. Use good means and God will bless the end. ਹਥ ਪੈਰ ਹਲਾਓ ਰਬ ਬਰਕਤ ਦੇਵੇਗਾ *hath pair halāo rab barkat dewegā.*

45. As some times even poisons turn medical. ਕਦੀ ਜਹਿਰ ਵੀ ਦੁਆ ਹੋਕੇ ਲਗਦੀ ਹੈ One mans meat is another man poison. *kadī jaihar wī duā ho ke lagdī hai.*

46. Grey hairs are death blossoms. ਚਿਟੇ ਵਾਲ ਮੌਤ ਦਾ ਸਨੇਹਾ *chitte wāl maut dā sanehā.*

47. A pebble and a diamond are alike to the blind. ਅੰਨ੍ਹੇ ਨੂੰ ਹੀਰਾ ਤੇ ਕੰਕਰ ਇਕੋ ਜੇਹਾ ਹੈ *annhe nūṅ hīrā te kaṅkar ikko jehā hai.*

48. Pleasant blowes fly fast. ਖੁਸ਼ੀ ਦੇ ਦਿਹਾੜੇ ਛੇਤੀ ਬੀਤ ਜਾਂਦੇ ਹਨ *khushī de dihāṛe chhetī bīt jāṅde han.*

49. Policy goes beyond strength. ਜ਼ੋਰ ਓਹ ਕੰਮ ਨਹੀਂ ਦੇਂਦਾ ਜੋ ਤਤਬੀਰ ਦੇਂਦੀ ਹੈ *jor oh kaṅm nahīṅ deṅdā jo tatbīr deṅdī hai*

50. Great designs require great brains. ਵਡਿਆਂ ਕੰਮਾਂ ਨੂੰ ਵਡੀ ਅਕਲ ਲੋੜੀਦੀ ਹੈ। *waḍiāṅ kaṅmāṅ nūṅ waḍḍī akal loṛīdī hai*

51. Practice what you preach. ਜੋ ਨਸੀਹਤ ਕਰੋ ਉਸ ਉਤੇ ਆਪ ਅਮਲ ਕਰੋ *jo nasīhat karo us utte āp amal karo.*

52. Might is right. ਜ਼ੋਰਾਵਰ ਦੀ ਜੁਤੀ ਸਿਰ ਤੇ *jorāwar dī juttī sir te*

53. Love laughs at locksmiths. ਪ੍ਰੇਮ ਸਭ ਜੰਦਰੇ ਤੋੜ ਸੁਟਦਾ ਹੈ *parem sabh jandre toṛ suṭdā hai.*

54. Many a mickle makes a muckle. ਫੂਈ ਫੂਈ ਕਰਕੇ ਤਲਾ ਭਰਦਾ ਹੈ *phūī phūī karke talā bhardā hai.*

55. Poverty breeds strife. When poverty comes in at the door love flies out at the window. ਗਰੀਬੀ ਦੰਗੇ ਦੀ ਜੜ ਹੈ *garībī daṅge dī jaṛ hai.*

56. Money begets money. ਪੈਸੇ ਨੂੰ ਪੈਸਾ ਕਮਾਂਦਾ ਹੈ *paise nūṅ paisa kamāṅdā hai.*

57. Kick not against the pricks.
Puff not against the wind. ਉਤਾਂ ਥੁਕਿਆਂ ਆਪਣੇ ਮੂੰਹ ਤੇ ਪੈਂਦਾ ਹੈ। *utāṅ thukiāṅ āpṇe mūṅh te paiṅdā hai.*

58. There is something black in the pulse. ਦਾਲ ਵਿੱਚ ਕੁਝ ਕਾਲਾ ਹੈ। *dāl wichch kujh kālā hai.*

59. Might over comes right. ਜਿਸਦੀ ਤੇਗ ਉਸਦੀ ਦੇਗ *jis dī teg us dī deg.*

60. A little leaven leavens the whole lump. ਇਕ ਮਛੀ ਸਾਰੇ ਪਾਣੀ ਨੂੰ ਗੰਧਲਾ ਕਰ ਦੇਂਦੀ ਹੈ *ikk machhī sāre pāṇī nūṅ gandhla kar deṅdī hai.*

PART III.

PUNJABI CHITS.

No. 1.

(5) (1) ੧ੳ (2) ਸਤਿ(3) ਗੁਰ(4) ਪ੍ਰਸਾਦਿ

(6) ਲਿਖਤਮ ਕਰਮਸਿੰਘ (7) ਜੋਗ ਭਾਈ ਧਰਮਸਿੰਘ (8) ਸ੍ਰੀ ਵਾਹਿਗੁਰੂ ਜੀ ਕੀ ਫਤੇ (9) ਵਾਚਣੀ

(10) ਹੋਰ (11) ਭਾਈ ਜੀ ਬਹੁਤ ਦਿਨ ਹੋਏ ਹਨ ਤੁਹਾਡੀ ਕਦੀ ਕੋਈ ਚਿਠੀ ਨਹੀਂ ਆਈ ਮਲੂਮ

ਨਹੀ ਇਸਦਾ ਕੀ (12) ਕਾਰਣ ਹੈ (13) ਭਾ ਭੁਤਾ ਅਨਾਜ ਦਾ ਲਿਖਣਾ ਏਥੇ ਇਸ ਵੇਲੇ ਇਹ ਭਾ ਹੈ

(14) ਕਣਕ ੧੫ ਸੇਰ (15) ਛੋਲੇ ੨੧ ਸੇਰ (16) ਜੌਂ ੨੭ ਸੇਰ (17) ਸਰੋਂ ੧੦ ਸੇਰ (18) ਕਪਾਹ ੩ ਸੇਰ॥

ਹੋਰ ਜੋ ਕੰਮ ਟਹਲ ਸਾਡੇ ਲੈਕ ਹੋਵੇ ਲਿਖਣਾ॥

ਚਿਠੀ ਲਿਖੀ ਕੱਤਕ ਦੀ ੧੬ (19) ਦਸਖਤ ਕਰਮਸਿੰਘ ਲਾਹੌਰ ਵਿਚੋਂ

1 ੧ਓ ਇਕ ਓਅੰਕਾਰ there is one God. 2 ਸਤਿ true. 3 ਗੁਰ spivitual guide. 4 ਪ੍ਰਸਾਦਿ by the faveur of. 5 ੧ ਓ ਸਤਿਗੁਰ ਪ੍ਰਸਾਦਿ there is ene God (you can see him) by the faveur of true spiritual guide. 6 ਲਿਖਤਮ written by. 7 ਜੋਗ to. 8 ਸ੍ਰੀ ਵਾਹਿਗੁਰੂ ਜੀ ਕੀ ਫਤੇ (victory of *Divine* God that is a Sikh complement 9 ਵਾਚਣੀ read. 10 ਹੋਰ further. 11 ਭਾਈ ਜੀ lit the (brother) comm on term applied to every Sikh. 12 ਕਾਰਨ reason 13 ਭਾ current price. 14 ਕਨਕ wheat. 15 ਛੋਲੇ gram 16 ਜੌਂ barley. 17 ਸਰੋਂ oil seed. 18 ਕਪਾਹ cotton. 19 ਦਸਖਤ signed.

---

* In Punjábi language some words are generally spoken in the following manner as ਪਾਣੀ ਧਾਂਣੀ water. ਰੋਟੀ ਊਟੀ bread. ਲਗਾਮ ਊਮ bridle. ਆਟਾ ਕੋਟਾ flour. ਭਾ ਭਤਾ current rate where the latter part has no meaning it is only added for intensifying.

* All proper names will be under lined.

No. 2.

(1)
੧ਓ ਸਤਿਗੁਰ ਪ੍ਰਸਾਦਿ

(1) ਲਿਖਤਮ ਗੰਡਾਸਿੰਘ ਜੋਗ ਭਾਈ ਸੋਣਾਸਿੰਘ ਸ੍ਰੀਵਾਹਿਗੁਰੂਜੀਕੀਫਤੇਬੁਲਾ

ਵਾਰਣੀ।ਹੋਰਆਈਨੂੰਮੇਰਾ (2) ਮਥਾਟੇਕਣਾਜੀ।(3) ਇਥੇਸੁਖਅਨੰਦਹੈਤੁ

ਡੀਸੁਖ (4) ਸ੍ਰੀਗੁਰੂਰਾਮਦਾਸ ਪਾਸੋਂਮੰਗਦੇਹਾਂ।ਚਿਠੀਤੁਹਾਡੀਪਹੁੰਚੀਹਵ (5)

ਲਮਲੂਮਕੀਤਾ।ਹੋਰਜੀਤੁਸਾਂਜੋਲਿਖਿਆਹੈਕਿਚਾਰ (6) ਪਸੂੰਮਰਗਏਹ

ਸੋਭਾਈਜੀਏਹਤਾਂਪਰਮੇਸੁਰਦੀ (7) ਮਰਜੀਹੈਜੋਰਾਹੈਸੋਕਰੇ।ਜਦ (8) ਮਾੜੇਦਿਨ

ਆਉਂਦੇਹਨਤਾਂਏਸੇਤਰਾਂਹੁੰਦਾਹੈ।ਸਾਨੂੰਸੁਣਕੇਬੜਾ (9) ਹਮਸੋਸਲਗਾਹੈ।

ਹੱਛਾਜੋਕਰਤਾਰਦਾ (10) ਭਾਣਾ।ਹੋਰਜੀਤੁਹਾਡੀਵਲਮੀਂਹਪਾਣੀਪਿਆਹੈਕਿ

ਨਹੀਂ।(11) ਖੇਤੀਪਤੀਦਾਕੀਗਾਲਹੈ।ਹੋਰਜੀਮੈਂਲਹਿਣਾਸਿੰਘਦੇਹਥ ੫) ਰੁਪ

ਜੈਭੇਜੇਹਨਮੈਨੂੰਕੁਛਕਪੜਾਤੇਇਕਪਗਘਲਦੇਣੀਜੀ।

ਚਿਠੀਲਿਖੀਮਘਰਦੀ ੧੩

ਦਸਖਤ ਗੰਡਾਸਿੰਘ

1 [illegible] 2 ਮਥਾ ਟੇਕਣਾ to bow down forehead (used f
[illegible] 3 ਏਥੇ ਸੁਖ ਅਨੰਦ ਹੈ here all is well. 4 ਗੁਰੂ ਰਾਮਦਾਸ name
[illegible] ਹਵਾਲ circumstance 6 ਪਸ਼ੂ cattle, (beast.) 7 ਮਰਜੀ (f)
[illegible] (ਮੰਦੇ) [illegible] 9 ਹਮਸੋਸ sorrow. 10 ਭਾਣਾ only used for will
[illegible] ਖੇਤੀ (f) Cultivation here ਪੱਤੀ has no meaning but they general
[illegible] ਖੇਤੀ ਪੱਤੀ [illegible] page 1.

No. 3.

ੴ ਸਤਿਗੁਰਪ੍ਰਸਾਦਿ॥

ਲਿਖਤਮ ਗੁਪਾਲਸਿੰਘ ਜੋਗ ਬਾਪੂ(1) ਹੋਰਾਂ(2) ਸ੍ਰੀ ਵਾਹਿਗੁਰੂ ਜੀ ਕੀ ਫਤੇ ਵਾਰਣੀ ਹੋਰ ਭਾਈ(1)
ਆਜੀ ਮੈਂ ਰਾਜੀ ਬਾਜੀ ਹਾਂ ਤੁਹਾਡੀ ਸੁਖ ਸਦਾ ਗੁਰਾਂ(3) ਜੀ ਕੋਲੋਂ ਮੰਗਦਾ ਹਾਂ। ਤੁਸਾਂ ਮੈਨੂੰ ਆ-
ਗਿਆ(4) ਦਿਤੀ ਸੀ ਜੋ ਚਾਚੇ(5) ਹੁਰੀਂ(2) ਤੈਨੂੰ ਸਦਦੇ ਹਨ ਅਰ ਓਹ ਤੈਨੂੰ ਖੇਤੀ ਪਤੀ ਦਾ ਕੰਮ ਵੀ ਸਿਖਾ
ਉਣਗੇ ਤੇ ਨਾਲੇ ਆਪਣੇ ਪਾਸ ਰਖਣਗੇ। ਸੋ ਪਿਤਾ(1) ਜੀ ਤੁਹਾਡੀ ਆਗਿਆ ਅਨੁਸਾਰ ਚੇ-
ਚਾਚੇ ਹੋਰਾਂ ਕੋਲ ਆ ਗਿਆ॥ — ਉਨਾਂ ਜਾਂਦਿਆਂ ਹੀ(6) ਦੋ ਪੈਲੀਆਂ ਮੇਰੇ ਸਪੁਰਦ ਕਰ ਦਿਤੀਆਂ
ਅਤੇ ਆਖ ਚਲ ਗੇ ਬੀਬਾ ਪੈਹਲਾਂ ਏਹ ਦੋ ਪੈਲੀਆਂ ਵਾਹ ਲੈ(7) ਫੇਰ ਹੋਰ ਕੰਮ ਦਸਾਂਗੇ। ਸੋ
ਭਾਈ ਆਜੀ ਮੈਂ ਏਦਾਂ ਹੀ ਕੀਤਾ ਹੈ। ਜਦ ਮੈਂ ਪੈਲੀ ਨੂੰ ਵਾਹੁਣ ਦੇ ਲਈ ਜਾਂਦਾ ਹੁੰਦਾ ਸੀ ਤਾਂ
ਇਕ ਦੋ ਦਿਨ ਮੈਨੂੰ ਕਹਿੰਦੇ ਰਹੇ ਬੀਬਾ ਟੁੱਕ(8) ਖਾ ਕੇ ਤੇ ਲੱਸੀ ਦਾ ਛੰਨਾ(10) ਪੀ ਕੇ ਜਾਯਾ ਕਰ॥
ਕਿਉਂ ਜੋ ਧੁਪ ਵਡੀ ਪੈਂਦੀ ਹੈ। ਪਰ ਜਾਂ ਪੰਜ ਸਤ ਦਿਨ ਬੀਤ ਗਏ ਤਾਂ ਨਾ ਕਿਨੇ ਮੈਨੂੰ ਟੁੱਕ(11)
ਟਕ ਦੀ ਪੁਛਿਆ ਤੇ ਨਾ ਲੱਸੀ ਲੁਸੀ(12) ਪਿਲਾਈ ਤੇ ਹੁਣ ਜਦ ਮੈਂ ਪੈਲੀ ਤੋਂ ਆਉਂਦਾ ਹਾਂ
ਤਾਂ ਬੇਹੀ(13) ਰੋਟੀ ਮੈਨੂੰ ਦੇਂਦੇ ਹਨ। ਸੋ ਭਾਈ ਆਜੀ ਮੈਂ ਔਖਾ ਹਾਂ ਮੈਨੂੰ ਆਪਣੇ ਕੋਲ
ਸਦਵਾ ਲਓ॥

ਲਿਖੀ ਛਨਿਛਰਵਾਰ ਮਿਤੀ(14) ਪੋਹ ਦਿਨ ੧੩

1 ਬਾਪੂ ਪਿਤਾ, ਭਾਈਆ father. 2 ਹੋਰਾਂ, ਹੋਰੀ is a term of respect as ਚਾਚੇ ਹੋਰਾਂ ਮੈਨੂੰ ਆਖਿਆ। Respective uncle told me, the first one is used with the oblique case and the 2nd with the nominative. 3 ਗੁਰਾਂ is the agent case of ਗੁਰੂ spiritual guide. 4 ਆਗਿਆ permission, order. 5 ਚਾਚੇ inflected form of ਚਾਚਾ uncle. 6 ਜਾਂਦਿਆਂ ਹੀ at the instant of arrival. 7 ਵਾਹ ਲੈ finish ploughing. 8 ਟੁਕ peice of bread 9 ਲੱਸੀ butter milk. 10 ਛੰਨਾ metal cup.

ਟੁਕ ਟਕ piece of bread 11 and ਲਸੀ ਲੁਸੀ butter milk 12 double words as in chit No. 1 and 2. 13 ਬੇਹੀ stale 14 ਮਿਤੀ dated

No. 4.

ੴ ਸਤਿਗੁਰਪ੍ਰਸਾਦਿ॥

ਲਿਖਤਮ ਕੇਸਰਾਸਿੰਘ ਜੋਗ ਭਾਈ ਨਰਿੰਦਰਸਿੰਘ ਵਾਹਿਗੁਰੂ ਜੀ ਕੀ ਫਤੇ ਵਾਚਣੀ।
ਹੋਰ ਏਥੇ ਸੁਖ ਹੈ ਤੁਸਾਡੀ ਸੁਖ ਸਦਾ ਕਰਤਾਰ(1) ਜੀ ਪਾਸੋਂ ਮੰਗਦੇ ਹਾਂ। ਹੋਰ ਭਾਈ ਜੀ ਅਸੀ
ਕੁਇਟੇ ਤੋਂ ਪਰੇ ਇਕ ਜਗਾ ਵਿਚ ਸਰਕਾਰ ਦੇ ਹੁਕਮ ਨਾਲ ਭੇਜੇ ਗਏ ਹਾਂ ਅਤੇ ਓਥੇ ਇਕ ਸੁਰੰਗ(2)
ਪੁਟਦੇ(3) ਹਾਂ। ਉਸ ਕੰਮ ਦੇ ਕਰਨ ਦੇ ਲਈ(4) ਸਾਨੂੰ ਤਲਬ ਤੋਂ ਬਿਨਾ(5) ਰਸਤ ਤੇ ਬਾਰਾਂ ਆਨੇ ਰੋਜ ਸਰ
ਕਾਰੋਂ ਮਿਲਦੇ ਹਨ। ਜੇਕਰ(6) ਅਸੀ ਛੀਕੁ(7) ਮਹੀਨੇ ਏਥੇ ਕੰਮ ਕਰਦੇ ਰਹੇ ਤਾਂ ਸਾਡੇ ਕੋਲ ਬਥੇਰੇ(8)
ਰੁਪੈ ਹੋ ਜਾਣਗੇ ਤਦ ਅਸੀ ਆਪਣਾ ਘਰ ਵੀ ਉਸਾਰਾਂਗੇ(9)। ਹੋਰ ਏਥੇ ਸਾਨੂੰ ਕਿਸੇ ਤਰ੍ਹਾਂ ਦਾ ਔਖ(10)
ਨਹੀ ਸਭ ਤਰਾਂ ਦਾ ਸੌਖ(11) ਸਰਕਾਰ ਨੇ ਸਾਡੇ ਰਹਿਣ ਦੇ ਲਈ ਬਣਾ ਛਡਿਆ ਹੈ। ਹੋਰ ਇਸ
ਵੇਲੇ ਕੰਮ ਦੇ ਕਰਕੇ ਘਟ(12) ਵੇਹਲ(13) ਹੈ ਫੇਰ ਕਿਸੇ ਵੇਲੇ(14) ਇਕ ਹੋਰ ਚਿਠੀ ਲਿਖਾਂਗਾ ਜਿਸ
ਦੇ ਵਿਚ ਏਥੋਂ ਦਾ ਸਾਰਾ ਹਾਲ ਹੋਵੇਗਾ॥

ਚਿਠੀ ਲਿਖੀ ਐਤਵਾਰ ਮਾਘ ਵਦੀ ੧੪

ਦਸਖਤ ਕੇਸਰਾਸਿੰਘ

1 ਕਰਤਾਰ creator (God). 2 ਸੁਰੰਗ (f) a mine. 3 ਪਟਣਾ to di
4 ਲਈ for. 5 ਬਿਨਾਂ besides. 6 ਜੇਕਰ or ਜੇ if. 7 ਛੀਕੁ about six see
the end of numerals. 8 ਬਥੇਰੇ very many, sufficient. 9 ਉਸਾਰਨਾ to build. 10 ਔ
trouble. 11 ਸੌਖ comfort case. 12 ਘਟ less. 13 ਵੇਹਲ leisure 14 ਕਿ
ਵੇਲੇ some time.

No. 5.

੧ੴ ਸਤਿਗੁਰਪ੍ਰਸਾਦਿ ।

ਲਿਖਤਮ ਨਥਾਸਿੰਘ ਪਾਸੇ ਭਗਤਸਿੰਘ ਜੋਗ ਸ੍ਰੀ ਵਾਹਿਗੁਰੂ ਜੀ ਕੀ ਫਤੇ ਵਾਚਣੀ। ਹੋਰ ਏਥੇ ਸਰਬ ਸੁਖ ਹੈ ਤੁਸਾਡੀ ਸੁਖ ਸ੍ਰੀ ਵਾਹਿਗੁਰੂ ਜੀ ਪਾਸੋਂ ਮੰਗਦੇ ਹਾਂ। ਹੋਰ ਭਾਈ ਜੀ ਤੁਸਾਡਾ ਵਿਆਹ ਸਾਵਣ ਦੀ ਤੀਸਰੀ ਦਾ ਗਿਣਿ ਆਗਿਆ ਹੈ ਸੋ ਤੁਸਾਨੂੰ ਬਹੁਤ ਛੇਤੀ ਆਵਣਾ ਚਾਹੀਦਾ ਹੈ। ਕਈ ਚੀਜਾਂ ਬਣਵਾਣੀਆਂ ਹਨ। ਤੁਸਾਂ ਜੋ ੫੦੦) ਪੰਜ ਸੌ ਰੁਪੈ ਦੇ ਹੁੰਡੀ ਭੇਜੀ ਸੀ ਸੋ ਪਹੁੰਚ ਗਈ ਹੈ ੩੫੦) ਸਾਢੇ ਤਿੰਨ ਸੌ ਰੁਪਈਆ ਹੋਰ ਲਗੇਗਾ। ਹੋ ਸਕੇ ਤਾਂ ਪਹਿਲਾਂ ਭਿਜਵਾ ਦੇਣਾ ਨਹੀਂ ਤਾਂ ਆਪਣੇ ਨਾਲ(5) ਲਈ ਆਵਣਾ। ਤੁਸਾਡੇ ਸਾਕ(6) ਚਾਚਾ(7) ਚਾਚੀ(8) ਭੂਆ(9) ਤੇ ਮਾਸੀ(10) ਮਾਮਾ(11) ਮਾਮੀ(12) ਸਭ ਆਗਏ ਹਨ ਪਰ ਇਕ ਤੁਹਾਡਾ ਭਣਵਈਆ(13) ਨਹੀਂ ਆਇਆ। ਉਸ ਨੂੰ ਤੁਸੀਂ ਆਪ ਜਾਕੇ ਲਿਆਵੋਗੇ ॥ ਅਸੀਂ ਤੁਹਾਨੂੰ ਫੇਰ ਵੀ ਤਗੀਦ(14) ਕਰਦੇ ਹਾਂ ਜੋ ਚਿਠੀ ਪਹੁੰਚਣ ਸਾਰ ਚਲੇ ਆਉ

ਚਿਠੀ ਲਿਖੀ ਸੋਮਵਾਰ ਮਿਤੀ ਫਗਣ ਸੁਦੀ(15) ੧੦

1 ਪਾਸੇ from. 2 ਵਿਆਹ marriage. 3 ਗਿਣਿਆ ਜਾਣਾ to be counted fixed 4 ਹੁੰਡੀ (f) money order. 5 ਨਾਲ with. 6 ਸਾਕ relation. 7 8 9 10 11 12 13 see among relation page. 36. 14 ਤਗੀਦ ਕਰਨਾ to urge. 15 ਸੁਦੀ light half of the month.

No. 6.

੧ਓ ਸਤਿਗੁਰਪ੍ਰਸਾਦਿ॥

ਲਿਖਤਮ ਨਥਾਸਿੰਘ ਜੋਗ ਭਾਈ ਸੁਖਾਸਿੰਘ ਸ੍ਰੀ ਵਾਹਿਗੁਰੂ ਜੀ ਕੀ ਫਤੇ ਵਾਚਣੀ
ਹੋਰ ਸੁਖ ਵਾਚਣੀ। ਭਾਈ ਜੀ ਚਿਠੀ ਤੁਸਾਡੀ ਪਹੁੰਚੀ ਸਮਾਚਾਰ (1) ਮਲੂਮ ਕੀਤਾ
ਤੁਸਾਂ ਲਿਖਿਆ ਹੈ ਜੋ ਸਾਡੀ ਵਲ (2) ਮੀਂਹ ਪਾਣੀ ਕੋਈ ਨਹੀਂ ਪਿਆ ਅਤੇ ਫਸਲ ਦਾ
ਕੁਝ ਹਾਲ ਨਹੀਂ ਖੇਤੀ ਪਤੀ ਸੁਕ ਗਈ ਹੈ ਭਾਈ ਜੀ ਸਾਡੀ ਵਲ ਤਾਂ ਬਹੁਤ ਮੀਂਹ
ਪਿਆ ਹੈ ਐਨਾ (3) ਮੀਂਹ ਹੋਇਆ ਹੈ ਜੋ ਪਕਣ ਤੀਕਰ ਕੋਈ ਪਾਣੀ ਦੇਣ ਦੀ ਲੋੜ
ਨਹੀਂ ਰਹੀ॥ ਐਤਕੀ ਅਸਾਂ ਕਥਾਸਿੰਘ ਦਾ ਖੇਤ (4) ਵੀ ਲੈ ਲਿਆ ਸੀ। ਉਸ
ਵਿਚ ਅਸਾਂ ਸਰੋਂ (5) ਬੀਜ ਦਿਤੀ ਹੈ। ਹੋਰ ਆਪਣੇ ਖੇਤਾਂ ਵਿਚ ਕਮਾਦ (6) ਬੀਜ ਦਿਤਾ
ਹੈ। ਹੋਰ ਹਾਲ ਏਹ ਹੈ ਜੋ ਸਾਡੇ ਦੋ ਕੋਠੇ (7) ਕਣਕ ਦੇ ਭਰੇ ਹੋਏ ਹਨ ਜੇਕਰ ਤੁਸਾਡੀ
ਵਲ ਕਣਕ ਮਹਿੰਗੀ (8) ਹੋਵੇ ਤਾਂ ਖਬਰ ਦੇਣੀ ਤਾਂ ਅਸੀਂ ਆਪਣੀ ਕਣਕ
ਗਡਿਆਂ (9) ਵਿਚ ਭਰ (10) ਕੇ ਤੁਸਾਡੀ ਵਲ (11) ਭੇਜ ਦੇਈਏ ਅਤੇ ਤੁਸਾਂ ਉਸਨੂੰ ਭਾ
ਸਾਰ (12) ਵੇਚ ਦੇਣਾ। ਏਥੇ ਤਾਂ ਐਤਕੀ ਸਭ ਦਾਣਾ ਫਕਾ (13) ਸਸਤਾ (14) ਹੈ। ਹੋਰ ਸਭ
ਸੁਖ ਸਾਂਦ ਹੈ ਪਰ ਧਨੀ ਨੂੰ ਦੋ ਤਿੰਨਾਂ ਦਿਨਾਂ ਤੋਂ ਕਸ (15) ਆਉਂਦੀ ਹੈ। ਚਿਠੀ ਦਾ ਉਤਰ
ਛੇਤੀ ਭੇਜਣਾ॥

ਚਿਠੀ ਲਿਖੀ ਮੰਗਲਵਾਰ ਚੇਤ੍ਰ ਦਿਨ ੧੧

1 ਸਮਾਚਾਰ circumstance. 2 ਸਾਡੀ ਵਲ towards us. 3 ਐਨਾ so much. 4 ਖੇਤ field. 5. ਸਰੋਂ (f) oil seed. 6 ਕਮਾਦ sugar cane. 7 ਕੋਠਾ store house. 8 ਮਹਿੰਗਾ dear (expensive.) 9 ਗਡਾ bullock cart. 10 ਭਰਨਾ to fill, to load. 11 ਵਲ towards 12 ਭਾ ਸਾਰ according to the current rate. 13 ਦਾਣਾ ਫਕਾ cor grain in this case. ਫਕਾ has no meaning. 14 ਸਸਤਾ cheap. 15 ਕਸ (f) fever.

No. 7.

੧ੴ ਸਤਿਗੁਰ ਪ੍ਰਸਾਦਿ॥

ਲਿਖਤੁਮ ਲਾਲਸਿੰਘ ਆਗੇ ਜੋਗ ਚਾਚਾ (1) ਅਮਰਸਿੰਘ ਫਤੇ ਬੁਲਾਈ ਵਾਰਨੀ॥ ਹੋਰ ਸੁਖ ਵਾਰਨੀ ਜੀ॥ ਚਿਠੀ ਤੁਹਾਡੀ ਮਿਲੀ ਹਾਲ ਮਲੂਮ ਕੀਤਾ॥ ਜੇਹੜੀ ਤੁਸਾਂ ਤਾਰ ਖਬਰ (2) ਘਲੀ ਸੀ ਕਿ ਸਾਨੂੰ ਤੁਹਾਡੇ ਬਿਮਾਰ ਹੋਨ ਦੀ ਖਬਰ ਹੀਰਾਸਿੰਘ ਫਗਵਾੜੇ ਵਾਲੇ ਨੇ ਦਿਤੀ ਹੈ ਅਤੇ ਇਸ ਕਰਕੇ ਤੁਹਾਡੀ ਖਬਰ ਮੰਗਵਾਉਨ ਦੇ ਲਈ ਅਸਾਂ ਤਾਰ ਘਲੀ ਹੈ ਸੋ ਭਾਈ ਜੀ ਆਖਨ ਵਾਲੇ ਨੇ ਤੁਹਾਨੂੰ ਝੂਠ ਆਨ ਕੇ ਦਸਿਆ ਹੈ॥ ਜਦ ਦਾ ਮੈ ਮੁਲਤਾਨ ਵਿਚ ਆਨ ਕੇ ਨੌਕਰ ਹੋਇਆ ਹਾਂ ਇਕ ਦਿਨ ਵੀ ਬਿਮਾਰ ਨਹੀ ਹੋਇਆ॥ ਤੁਸਾਂ ਕਿਸੇ ਗਲ ਦਾ ਫਿਕਰ ਨਾ ਕਰਨਾ॥ ਹੋਰ ਆਪਣੀ ਰਾਜੀ ਬਾਜੀ ਦੀ ਖਬਰ ਘਲਦੇ ਰਿਹਾ ਕਰੋ॥ ਹੋਰ ਇਸ ਗਲ ਦਾ ਭੀ ਉਤਰ ਘਲਨਾ ਕਿ ਪੈਲੀ (3) ਜੇਹੜੀ ਨਾਈਆਂ ਨੂੰ ਅੱਧ ਉਤੇ (4) ਦਿਤੀ ਹੋਈ ਸੀ ਉਨਾਂ ਤੁਹਾਨੂੰ ਹਿਸਾ (5) ਵੰਡ ਕੇ ਦੇ ਦਿਤਾ ਹੈ ਕਿ ਨਹੀ॥ ਉਸ ਕੋਲੋਂ ਸਾਰੀਆਂ ਚੀਜਾਂ ਦਾ ਹਿਸਾ ਵੰਡ ਲੈਣਾ ਅਤੇ ਫੇਰ ਉਨਾਂ ਨੂੰ ਜਮੀਨ ਨਾ ਦੇਣੀ ਕਿਉਂ ਜੋ ਉਹ ਕੁਪੱਤੇ (6) ਆਦਮੀ ਹਨ॥ ਹੋਰ ਮੈਂ ਸੌਣ ਦੇ ਮਹੀਨੇ ਵਿਚ ਛੁਟੀ ਲੈ ਕੇ ਆਵਾਂਗਾ॥ ਮੁੰਡੇ ਕੁੜੀਆਂ ਨੂੰ ਰਾਜੀ ਰਖਨਾ ਕਿਸੇ ਗਲੋਂ ਥੋਂ ਤੰਗ (7) ਨਹੀ ਰਖਨਾ॥ ਚਿਠੀ ਦਾ ਉਤਰ ਆਸਾਸਿੰਘ ਦੇ ਹਥ ਘਲਣਾ॥

ਚਿਠੀ ਲਿਖੀ ਬੁਧਵਾਰ ਵਸਾਖ ਵਦੀ (8) ੧੪

1 ਚਾਚਾ uncle. 2 ਤਾਰ ਖ਼ਬਰ (f) telegram. 3 ਪੈਲੀ (f) field. 4 ਅਧ ਉਤੇ (to give land for cultivation on half income.) 5 ਹਿਸਾ part, share. 6 ਕੁਪੱਤ wicked. 7 ਤੰਗ troubled (narrow.) 8 ਬਦੀ (f) dark ha[lf]

No. 8.

੧ ਓ ਸਤਿਗੁਰਪ੍ਰਸਾਦਿ।

ਲਿਖਤੁਮ ਨਿਹਾਲਸਿੰਘ ਜੋਗ ਭਾਈ ਗੁਪਾਲਸਿੰਘ ਸ੍ਰੀ ਵਾਹਿਗੁਰੂ ਜੀ ਕੀ ਫਤੇ ਵਾਚਣੀ। ਹੋਰ ਸੁਖ ਵਾਚਣੀ। ਭਾਈ ਜੀ ਜੇੜ੍ਹੀ (1) ਗਊ (2) ਤੁਸੀ ਸਾਡੇ ਕੋਲ ਛਡ ਗਏ ਸਾਓ ਗੱਭਨ (3) ਹੋ ਗਈ ਹੈ ਅਤੇ ਸਾਡੇ ਵਾਲੀ ਗਊ ਸੂ (4) ਪਈ ਹੈ ਵਛੀ (5) ਦਿਤੀ ਸੂ। ਜੇਕਰ ਤੁਹਾਡੀ ਗਊ ਦੁਧ ਨਾਂ ਦੀ ਹੋਵੇ ਤਾ ਅਸੀ ਤੁਸਾਨੂੰ ਆਪਣੀ ਗਊ ਭੇਜ ਦੇਈਏ। ਇਸ ਵੇਲੇ ਓਹ ਪਾਰਾਂ ਸੇਰ ਕਚਾ (6) ਦੁਧ ਦੇਂਦੀ ਹੈ। ਹੋਰ ਮੈ ਤੁਹਾਂ ਨੂੰ ਇਕ ਬੜੀ ਖੁਸ਼ੀ ਦੀ ਖਬਰ ਸੁਣਾਉਨਾਂਹਾਂ ਮੇਰਾ ਵਡਾ ਪੁਤ ਨਥਾਸਿੰਘ ਬਾਰਵੇਂ ਰਸਾਲੇ ਵਿਚ ਭਰਤੀ ਹੋ ਗਿਆ ਹੈ। ਏਹ ਸਰਦਾਰ ਜੀਵਨਸਿੰਘ ਰਸਾਈਦਾਰ (7) ਦੀ ਮੇਹਰਬਾਨੀ ਕਰਕੇ ਬੜੇ ਖੁਸ਼ ਹੋਏ ਆਹੇ। ਹੋਰ ਜਗਤਸਿੰਘ ਨੂੰ ਸਾਡੀ ਵਾਹਗੁਰੂ ਜੀ ਕੀ ਫਤੇ ਆਖਣੀ।

ਮਿਤੀ ਲਿਖੀ ਵੀਰਵਾਰ ਜੇਠ ਵਦੀ ੧੪

ਦਸਖਤ ਨਿਹਾਲਸਿੰਘ ਲੰਬੜਦਾਰ (8)

1 ਜੇੜ੍ਹੀ (f) the one which. 2 ਗਊ (f) cow. 3 ਗਭਣ pregnant (applied to animals.) 4 ਸੂਣਾ to bring forth (used for animals only.) 5 ਵਛੀ (f) calf. 6 ਕੱਚਾ ਸੇਰ 2½ kachha seers are equal to one pakka seer (only used by the villagers.) 7 ਰਸਾਈਦਾਰ Capt 8 ਲੰਬੜਦਾਰ *head*man of the village.

No. 3.

੧ ੳ ਸਤਿਗੁਰਪ੍ਰਸਾਦਿ।

ਲਿਖਤੁਮ ਮਜਾਸਿੰਘ (1)ਪਾਸੇ ਭਾਈ ਧੰਨਈਆਸਿੰਘ ਜੋਗ ਸ੍ਰੀ ਵਾਹਿਗੁਰੂ ਜੀ ਕੀ ਫਤਹ ਵਾਚਣੀ। ਹੋਰ ਭਾਈ ਜੀ ਏਥੇ (2)ਸਰਬ ਸੁਖ ਹੈ ਤੁਸਾਡੀ ਸੁਖ ਸੀ (3)ਵਾਹਿਗੁਰੂ ਜੀ ਪਾਸੋਂ ਮੰਗਦੇ ਹਾਂ। ਚਿਠੀ ਤੁਸਾਡੀ ਪਹੁੰਚੀ ਹਾਲ ਜਾਣਿਆ। ਤੁਸਾਂ ਲਿਖਿਆ ਹੈ ਜੋ ਸਾਨੂੰ ਨੌਕ ਹੋਏ ਵਡੀ ਖਬਰ ਨਹੀਂ ਦਿਤੀ ਸੋ ਭਾਈ ਜੀ ਨੌਕਰੀ ਵਿਚੋਂ (4)ਕੰਨ ਖੁਰਕਣ ਦਾ ਤਾਂ (5)ਵੇਹਲ ਨਹੀ ਲਗਦਾ ਖਬਰ ਕੀ ਕਿਸੇ ਨੂੰ ਦੇਂਦੇ। ਸਵੇਰੇ ਛੀ ਬਜੇ ਉਠੀਦਾ (6)ਏ ਬਾਹਰ (7)ਜੰਗਲ ਪਾਣੀ ਜਾ ਕੇ ਅਜੇ ਆ ਕੇ ਬੈਠੀ ਦਾ ਵੀ ਨਹੀਂ ਜੋ ਹੁਕਮ ਆਉਂਦਾ ਹੈ (8)ਰੰਗਰੂਟੀ ਵਾਸਤੇ ਚਲੋ ਸੋ ਅਠ ਵਜੇ ਉਥੋਂ ਆਈਦਾ ਏ ਫੇਰ ਘੋੜਾ (9)ਮਲੀਦਾ ਹੈ ਜੀਨ (10)ਲਗਾਮ ਭੂਮ ਸਾਫ ਕਰਦਿਆਂ ਦਸ ਵਜ ਜਾਂਦੇ ਹਨ ਫੇਰ (11)ਪ੍ਰਸਾਦ ਤਿਆਰ ਕਰੀਦਾ ਹੈ ਖਾਂਦਿਆਂ ਪੀਂਦਿਆਂ ਬਾਰਾਂ ਵਜ ਜਾਂਦੇ ਹਨ ਫੇਰ ਕਦੀ ਕੁਝ ਨੌਕਰੀ ਬੋਲ ਗਈ ਕਦੀ ਕੁਝ ਕੰਮ ਹੋ ਗਿਆ ਵੇਹਲ ਲਗੇ ਤੇ ਚਿਠੀ ਲਿਖੀਏ। ਹੁਣ ਆਸਾ ਹੈ ਜੋ ਦੂਜੇ ਮਹੀਨੇ ਤੀਕਰ ਕੰਮ ਕੁਝ ਸਿਖ ਜਾਂਵਾਂਗੇ ਫੇਰ ਤਾਂ ਵੇਂ ਇਕ ਚਿਠੀ ਰੋਜ਼ ਪਾ ਦਿਤਾ ਕਰਾਂਗੇ। ਹੋਰ ਜੋ ਕੰਮ ਦੇ ਹੋਵੇ ਲਿਖਣਾ।

ਚਿਠੀ ਏਸ (12)ਪਤੇ ਤੇ ਪਾਉਣੀ। ਚਿਠੀ ਪਹੁੰਚੇ ਰਾਵਲਪਿੰਡੀ ਛੌਣੀ ਰਸਾਲਾ ਨੰ: ੧੩ ਤੁਰਪ ਛੀਵਾਂ ਮਜਾਸਿੰਘ ਸਵਾਰ ਨੂੰ ਮਿਲੇ।।

ਚਿਠੀ ਲਿਖੀ ਛਨਿਛਰਵਾਰ ਮਿਤੀ ਫਗਣ ਦਿਨ ੧੬ ਸੰਮਤ ੧੯੫੦

ਮਈਆਸਿੰਘ ਸਵਾਰ

1 ਪਾਸੇ from. 2 ਸਰਬ all. 3 ਵਾਹਿ ਗੁਰੂ God. 4 ਕੰਨ ਖੁਰਕਣਾ to scratch the ear (although it itches.) 5 ਵੇਹਲ leisure. 6 ਏ ਹੈ is. 7 ਜੰਗਲ ਪਾਣੀ ਜਾਣਾ to go for call of nature. 8 ਰੰਗ ਰੂਟੀ for recruiting. 9 ਮਲਨਾ to groom (rub.) 10 ਲਗਾਮ ਭੂਮ bridle. ਭੂਮ is used for intensifying. 11 ਪ੍ਰਸਾਦ food. 12 ਪਤਾ address.

No. 10.

੧ ਓ ਸਤਿਗੁਰਪ੍ਰਸਾਦਿ॥

ਲਿਖਤੁਮ ਨਰੈਨਸਿੰਘ ਅਗੇ ਜੋਗ ਭਾਈ ਈਸਰਸਿੰਘ ਨੂੰ (1) ਹਥ ਜੋੜ ਕੇ
ਸ੍ਰੀ ਵਾਹਿਗੁਰੂ ਜੀ ਕੀ ਫਤੇ ਵਾਚਣੀ। ਹੋਰ ਜੀ ਸਮਾਚਾਰ ਇਹ ਹੈ ਜੋ ਹਾੜੀ (2)
ਐਤਕੀ ਦੀ ਐਡੀ ਲਗੀ ਸੀ ਜੋ ਕੁਛ ਓੜਕ (3) ਨਹੀ ਸਾ ਪਰ ਪਰਮੇਸਰ ਦਾ
ਭਾਣਾ ਵੇਖੋ ਜਦ ਪਕ ਕੇ ਵਾਢੀ (4) ਦੇ ਰੰਗ ਉਤੇ ਹੋਈ ਤਾਂ ਚਾਣਚਕ (5) ਮੀਂਹ ਲੈਹ
ਪਿਆ ਜੋ ਛਪੜ ਟੋਭਾ ਇਕ ਹੋ ਗਿਆ (6) ਮੀਂਹ ਤੇ ਤਾਂ ਕੁਛ ਬਣਾ ਜਾਣ (7) ਨਹੀ ਹੋਇ
ਆ ਪਰ ਗੜੇ (8) ਜੋ ਮੀਂਹ ਦੇ ਨਾਲ ਪਏ ਛਟਾਂਕ (9) ਛਟਾਂਕ ਪਕੇ ਦੇ ਸਨ ਅਰ ਜਿਥੇ
ਜਿਥੇ ਪਏ ਕਖ ਨਹੀ ਛਡਿਆ (10) ਸਾਨੂੰ ਆਸ (11) ਸੀ ਜੋ ਦੋ ਸੌ ਮਣ ਕਣਕ ਆਊ ਪਰ
ਹੁਣ ਪੰਜਾਹ ਮਣ ਆਜਾਵੇ ਤਾਂ ਵੀ ਬੜੇ ਭਾਗ ਹਨ ਗੋਸੇ ਨੂੰ ਐਤਕੀ ਦੀ ਕਿਸਤ (12)
ਲਈ ਮਾਮਲੇ (13) ਜੋਗੇ ਰੁਪਏ ਘਲਣਾ ਵਡੀ ਔਂਕੜ ਦੀ ਗਲ ਹੈ [illegible] ਹੋਰ ਸਭ ਸੁਖ
ਹੈ॥

ਲਿਖੀ ਨਰੈਨਸਿੰਘ [illegible] ਵਿਚੋਂ
ਮਿਤੀ ਜੇਠ ਵਦੀ ੧੮

1 ਹਥ ਜੋੜ ਕੇ with hand- fold[illegible] (respects.) 2 ਹਾੜੀ winter crops. 3 ਓੜ[illegible] (ਓੜਕ) end 4 ਵਾਢੀ cutting. 5 ਚਾਣਚਕ suddenly. 6 ਛਪੜ ਟੋਭਾ ਇਕ ਹੋ ਗਿਆ [illegible] ponds and tanks have all [illegible] 7 [illegible] 8 ਗੜੇ [illegible] 9 ਛਟਾਂਕ [illegible] sixteenth of a seer. 10 ਕਖ ਨਹੀਂ ਛਡਿਆ [illegible] nothing (not even grass was left.) 11 ਆਸ [illegible] hope. 12 ਕਿਸਤ (f) instalment. 13 ਮਾਮਲਾ revenue.

No. 11.

੧ੴ ਸਤਿਗੁਰਪ੍ਰਸਾਦਿ।

ਲਿਖਤਮ ਨੰਦ ਸਿੰਘ ਅਗੇ ਜੋਗ ਲਾਲਾ ਭਗਤ ਰਾਮ ਨੂੰ ਬਹੁਤ ਕਰਕੇ
(1) ਮਥਾ ਟੇਕਣਾ ਜੀ। ਹੋਰ ਜੀ ਤੁਹਾਨੂੰ ਮਲੂਮ ਹੈ ਜੋ ਤੁਸੀ (2) ਮੁੱਢ ਤੇ ਲਾਕੇ ਸਾਡੇ
(3) ਸਾਹ ਹੋ ਅਤੇ ਸਾਡੇ ਵਡੇ ਤੁਹਾਡੇ ਵਡਿਆਂ ਕੋਲੋਂ (4) ਹੁਦਾਰ ਲੈਂਦੇ ਰਹੇ ਅਰ ਕਿਸੇ
ਤਰਾਂ ਕਦੇ ਨਾ ਵਿਗੜੀ। ਹੁਣ ਸੁਣਿਆ ਹੈ ਕਿ ਤੁਸੀ ੧੫੦) ਰੁਪਯਾ ਬਦਲੇ
ਸਾਡੇ ਉਤੇ ਅਰਜੀ ਪਾਉਣ ਲਗੇ ਹੋ। ਅਸੀ ਤੁਹਾਨੂੰ (5) ਮੂੰਹੋਂ ਮੂੰਹ ਆਖਦੇ ਹਾਂ ਜੋ
(6) ਸੌਣੀ ਦਾ ਦਾਣਾ ਫਕਾ ਆਲਦੇ ਅਸੀ ਤੁਹਾਡੀ (7) ਕੌਡੀ ਕੌਡੀ ਨਬੇੜ ਦੇਵਾਂਗੇ।
ਤੁਸੀ ਆਪਣਾ (8) ਹਠ ਕਰਦੇ ਹੋ ਅਰ ਆਖਦੇ ਹੋ ਜੋ ਅਰਜੀ ਪਾਕੇ ਹੀ ਰੁਪਏ
ਲੈਵਣੇ ਹਨ ਸੋ ਜੀ ਕਿਰਪਾ ਕਰਕੇ ਜਿਥੇ ਦੋ ਵਰ੍ਹੇ ਲੰਘਾਏ ਜੇ ਦੋ ਮਹੀਨੇ ਹੋਰ
ਠੈਹਰ ਜਾਉ ਅਰ ਹਾਕਮਾਂ ਤਾਈਂ ਨਾ (9) ਅਪੜੋ ਅਸੀ ਘਰ ਬੈਠਿਆਂ ਨੂੰ ਹਥ ਜੋੜ
ਕੇ ਤੁਹਾਡਾ ਹਸਾਬ (10) ਨਿਬੇੜ ਜਾਵਾਂਗੇ। ਹੋਰ ਭਲਕੇ ਪਰਸੋਂ ਮੈਂ ਆਪ ਭੀ ਤੁਹਾਡੀ
ਸੇਵਾ ਵਿਚ ਹਾਜਰ ਹੋਵਾਂਗਾ।

ਲਿਖੀ ਵੀਰਵਾਰ ਨੰਦ ਸਿੰਘ

1 ਮਥਾ ਟੇਕਣਾ to bow-down (respects) 2 ਮੁਢ ਤੋਂ from beginng. 3 ਸ਼ਾਹ
anker 4 ਹੁਦਾਰ ਲੈਣਾ to borrow (money) 5 ਮੂੰਹੋਂ ਮੂੰਹ again and again (mouth
month.) 6 ਸੌਣੀ summer crops. 7 ਕੌਡੀ ਕੌਡੀ every farthing. (ਕੌਡੀ
small shell used as a coin) 8 ਹਠ ਕਰਨਾ to persist. 9 ਅਪੜਨਾ to reach
o go.) 10 ਨਬੇੜਨਾ to settle

No. 12.

ੴ

ਲਿਖਤਮ ਕੇਸਰ ਸਿੰਘ ਅਗੇ ਜੋਗ ਭਾਈ ਗੁਪਾਲ ਸਿੰਘ ਨੂੰ ਰਸਲੇ ਕੇ ਫਤੇ
ਬੁਲਾਈ ਵਾਚਣੀ ਜੀ। ਹੋਰ ਜੀ ਹਕੀਕਤ ਏਹੁ ਹੈ ਜੋ ਜੇਠ ਦੀ ੧੦ ਕੋ ਦਿਨ ਤੁਸਾ
ਡੇ ਘਰ ਨੂੰ ਸੰਨ੍ਹ[1] ਲਗੀ ਪਹਿਲਾ ਤਾਂ ਚੋਰਾਂ ਨੇ ਅੰਦਰ ਵੜ ਕੇ ਕਪੜਿਆਂ
ਦਾ ਸੰਦੂਕ ਭੰਨਿਆ[2] ਅਤੇ ਸਾਰੇ ਰੇਸ਼ਮੀ ਅਰ ਕੀਮਤੀ ਬਸਤ੍ਰ[3] ਕਢ ਲੈ ਗਏ
ਅਰ ਫੇਰ ਗਹਿਣਿਆਂ[4] ਵੀ ਉਨਾਂ ਦੇ ਹਥ ਆ ਗਿਆ ਅਤੇ ੫੦੦) ਰੁਪਈਆ ਮਾ
ਮਲੇ ਦਾ ਜੋ ਕਠਾ ਉਗਰਾਹਿਆ[5] ਸੀ ਅਰ ਤਸੀਲ ਤਾਰਨ[6] ਜਾਣਾ ਸੀ ਉਹ ਭੀ ਲੈ ਗਏ
।ਗਲਕਾਹਦੀ[7] ਕੁਝ ਹਜਾਰ ਦੇ ਲਗ ਭਗ[8] ਜਾਨ ਹੋ ਗਿਆ ਹੈ ਅਤੇ ਜਦ ਚੋ
ਰ ਨਿਕਲੇ ਤਾਂ ਜਾਂਦੇ ਹੋਏ ਸਬਜੀ[9] ਘੋੜੀ ਜੋ ਨੀ ਅਸਾਂ ਦਵਾਲੀ ਦੀ ਮੰਡੀ[10] ਤੋਂ ੧੬੦)
ਰੁਪੈ ਨੂੰ ਖਰੀਦੀ ਸੀ ਉਹ ਭੀ ਕਢ ਲੈ ਗਏ। ਠਾਣੇਦਾਰ ਪਿੰਡ ਵਿਚ ਆਇਆ ਹੋ
ਇਆ ਹੈ ਅਰ ਦੋ ਤਿਨ ਬਦਮਾਸ ਪਕੜੇ ਹਏ ਹਨ ਪਰ ਅਜੇ ਤਾਈ ਮਾ
ਲ ਦਾ ਕੁਝ ਪਤਾ ਨਹੀ ਲਗਾ ਜੇ ਭਾਗਾਂ ਵਿਚ ਹੋਊ ਤਾਂ ਮਿਲ ਜਾਊ॥

1 ਸਨੁ burglary, house breaking. 2 ਭੰਨਣਾ to break. 3 ਕੀਮਤੀ ਬਸ[...] valuable cloths. 4 ਗਹਿਣਾ jewellary. 5 ਉਗਰਾਹੁਣਾ to collect (from other people[...] 6 ਤਾਰਨਾ to settle ,to pay.) 7 ਗਲਕਾਹਦੀ in short. 8 ਲਗ ਭਗ nearl[...] 9 ਸਬਜ਼ੀ (f) grey. 10 ਮੰਡੀ (f) market (house or cattle fair.)

No. 13.

੧ੴ

ਲਿਖਤਮ ਬੀਰ ਸਿੰਘ ਜੋਗ ਕਿਰਪਾਲ ਸਿੰਘ ਨੂੰ ਮਲੂਮ ਹੋਵੇ ਜੋ ਤੇਰੇ ਸੌਰਿਆਂ(1)
ਨੇ ਵਿਆਹ ਦੇ ਦਿਤਾ ਹੈ ਅਰ ਭਾਦ੍ਰੋਂ ਦਾ ਅਠਾਰਵਾਂ ਸਾਹਾ(2) ਹੈ ਅਸਾਂ ੬੦) ਰੁਪੈ
ਦਾ ਘਿਉ ੪੦) ਦੀ ਖੰਡ(3) ੨੦) ਦੀ ਸਕਰ(4) ੩੦) ਦੀ ਕਣਕ ੧੦) ਦੇ
ਮਾਂਹ(5) ਲੈ ਲਏ ਹਨ ਅਰ ਕੋਈ ੨੦੦) ਕੁ ਰੁਪਏ ਵਰੀ(6) ਅਤੇ ਨਿਕ ਸੁਕ(7) ਉਤੇ
ਲਗੇ ਹਨ ਸਭੋ ਕੰਮ ਤਿਆਰ ਹੈ ਤੂੰ ਸੀ ਆਪਣੇ ਕਮਾਨ ਅਫਸਰ(8) ਕੋਲੋਂ ਦੋ ਮਹੀ
ਨਿਆਂ ਦੀ ਛੁਟੀ ਲੈ ਕੇ ਛੇਤੀ ਨਾਲ ਆ ਜਾਵੇਂ ਉਹ ਕੁਝ ਰੋਕ ਟੋਕ(9) ਕਰੇ ਤਾਂ ਏਹੋ(10)
ਅਰਦਾਸ ਵਖਾਲ ਦੇਵੀਂ ਅਰ ਜੇ ਫੇਰ ਵੀ ਨਾ ਮੰਨੇ ਤਾਂ ਅਸੀਂ ਏਥੋਂ ਨੰਬਰਦਾਰਾਂ
ਦੀਆਂ ਮੋਹਰਾਂ(11) ਲੁਆ ਕੇ ਅਰਜੀ ਘਲਾਂਗੇ ਛੁਟੀ ਤੁਹਾਨੂੰ ਜਰੂਰ ਮਿਲ ਜਾਊ
ਤੇਰਿਆਂ ਸਹੁਰਿਆਂ ਆਖ ਘਲਿਆ(12) ਹੈ ਜੋ ਅਸਾਂ ਮੁਕਲਾਵਾ(13) ਵੀ ਵਿਆਹ
ਦੇ ਨਾਲ ਹੀ ਦੇ ਦੇਣਾ ਹੈ।

ਲਿਖੀ ਐਤਵਾਰ ਪੋਹ ਦੀ ੧੮

ਦਸਖਤ ਬੀਰ ਸਿੰਘ ਰਾਈ ਪਿੰਡ ਵਿਚੋਂ

1 ਸੌਰੇ father in laws people. 2 ਸਾਹਾ marriage date. 3 ਖੰਡ (f) sugar. 4 ਸ਼ਕਰ raw sugar. 5 ਮਾਂਹ (f) a kind of Dhal. 6 ਵਰੀ (f) brides clothes. 7 ਨਿਕਸੁਕ other things 8 ਕਮਾਨ ਅਫਸਰ Commanding Officer. 9 ਰੋਕ ਟੋਕ (f) hesitation, objection. 10 ਏਹੋ this very. 11 ਮੋਹਰ (f) seal. 12 ਆਖ ਘਲਣਾ to send a word 13 ਮੁਕਲਾਵਾ bringing home a wife after marriage.

No. 14.

੧ਓ

ਲਿਖਤਮ ਕਰਮ ਸਿੰਘ ਜੋਗ ਭਾਈ ਸਾਧੂ ਸਿੰਘ ਹੋਰਾਂ ਨੂੰ ਹਥ ਜੋੜ ਕੇ ਫਤੇ ਬੁਲਾਈ ਵਾਚ
ਣੀ ਹੋਰ ਜੀ ਸਾਡੀ ਪਲਟਣ(1) ਨੂੰ ਕਾਬਲ ਦੇ ਲਾਮ(2) ਵਿਚ ਜਾਣ ਦਾ ਹੁਕਮ ਆਇਆ ਹੈ
ਅਤੇ ਏਸੇ ਮਹੀਨੇ ਦੀ ੨੨ ਤ੍ਰੀਕ ਸਾਡਾ ਕੂਚ(3) ਹੈ ਛੁਟੀ ਲੈਕੇ ਇਕ ਵਾਰ ਦੇਹ ਨੇ ਦੀ ਵੀਨਗੀ ਅਲ
ਦੀ ਜੇ ਤੁਸੀਂ ਹੋਣ ਤੇ ਤੁਸੀਂ ਛੁਟੀ ਲੈਕੇ ਕੂਚ ਹੋਣ ਤੋਂ ਪਹਿਲਾਂ ਪਸੌਰ ਅਪੜ(4) ਕੇ ਤੇ ਮੇਰੀ
ਫਰਦੀ ਤੇ ਮੇਰੇ ਪੁਤ੍ਰ ਤੇ ਕੁੜੀਆਂ ਨੂੰ ਲੈ ਜਾਓ ਸਭ ਕਾਰ ਆਪਦੀ ਹੈ ਜੇ ਟਬਰ(5) ਦੋਰ ਨੂੰ ਤੋਂ
ਫ਼ਿਕਰ ਤੁਸਾਂ ਨੂੰ ਹੀ ਏਥੇ ਛਡ ਕੇ ਫਿਕਰ ਹੈ ਇਜਤ(6) ਤੁਸਾਂ ਹੀ ਜੀ ਕੁਰਜਾਣ ਆ ਕੇ
ਲੈ ਜਾਓ।

ਲਿਖੀ ਕਰਮ ਸਿੰਘ ਪਸੌਰ ਵਿਚੋਂ

1 ਪਲਟਣ (f) Regiment. 2 ਲਾਮ (f) field. 3 ਕੂਚ march. 4 ਅਪੜਨਾ to arrive. 5 ਟਬਰ familily here ਦੋਰ has no meaning *vide* Chit No. 1. 6 ਇਜ਼ਤ respect.

No. 15.

੧ਓ

ਲਿਖਤਮ ਜਵੰਦ ਸਿੰਘ ਜੋਗ ਭਾਈ ਦੇਵਾ ਸਿੰਘ ਫਤੇ ਬੁਲਾਈ ਵਾਚਣੀ ਹੋਰ
ਜੀ ਅਸੀਂ ਮੌਤ ਕੀ ਨਥਾ ਸਿੰਘ ਤਰਖਾਣ ਨਾਲ ਭਿਆਲੀ(1) ਕੀਤੀ ਹੈ ਇਕ ਜੋਗ(2)
ਸਾਡੀ ਤੇ ਇਕ ਵਗਾ(3) ਉਸਦਾ ਹੈ ਦਸਾਂ ਵਿਘੇ ਸੌਣੀ ਬੀਜ ਦਿਤੀ ਹੈ ਪੰਦ੍ਰਾਂ ਵਿਘੇ
ਹਾੜੀ ਲਈ ਰਖੀ ਹੈ ਮੀਂਹ ਵੇਲੇ ਸਿਰ(4) ਪੈ ਗਿਆ ਸੀ ਸੌਣੀ ਚੰਗੀ ਹੈ ਅਤੇ ਹਾੜੀ
ਲਈ ਵਾਹਣ(5) ਕਰ ਛਡੇ ਹਨ ਮਕਈ(6) ਗਭੀ ਹੈ ਆਸ ਹੈ ਜੇ ਪੈ ਜਾਏ ਤਾਂ ਸਠ ਮਣ
ਛਲੀਆਂ(7) ਹੋ ਜਾਣਗੀਆਂ ਤਿਲ(8) ਆਸਾਂ ਓਤੇ ਕੀਤੇ ਨਹੀ ਬੀਜੇ ਚਰੀ ਚੰਗੀ ਹੋ ਗਈ ਜੋਗੀ
ਰਖੇਗੀ ਹੈ ਪਠੋਦਾ ਤੇ ਨਹੀਂ ਆਵੇਗਾ ਗੋਰੀਆਂ ਸੂਪਈ ਹੈ ਪੈਸਾ ਮੇਰਾ ਪਕਾ ਦ੍ਰ
ਦੇਂਦੀ ਹੈ ਮਾਤਾ ਤੇ ਕੁੜੀਆਂ ਸਭ ਰਾਜੀ ਹਨ।

1 ਭਿਆਲੀ (f) partnership. 2 ਜੋਗ (f) pair of bullocks 3 ਵਗਾ bulloc[k] [4] ਵੇਲੇ ਸਿਰ ' at the proper time. 5 ਵਾਹਣ ploughed field. 6 ਮਕਈ (f) India[n] corn. 7 ਛਲੀ (f) ear of Indian corn. 8 ਤਿਲ oil seed.

No. 16.

੧ਓ

(1) (2)
ਸ੍ਰੀ ਸਰਬ ਉਪਮਾ ਜੋਗ ਭਾਈ ਗਿਆਨ ਸਿੰਘ ਜੀ ਜੋਗ ਦਾਸ ਨਥਾ ਸਿੰਘ ਦੀ
ਸ੍ਰੀ ਵਾਹਗੁਰੂ ਜੀ ਕੀ ਫਤੇ ਵਾਚਣੀ। ਹੋਰ ਭਾਈ ਜੀ ਏਥੇ ਸਰਬ ਸੁਖ ਹੈ ਤੁਹਾ
ਡੀ ਸੁਖ ਗੁਰੂ ਰਾਮਦਾਸ ਜੀ ਪਾਸੋਂ ਮੰਗਦੇ ਹਾਂ। ਚਿਠੀ ਤੁਹਾਡੀ ਪਹੁੰਚੀ ਹਾਲ ਮਲੂ
ਮ ਕੀਤਾ ਤੁਸਾਂ ਜੋ ਲਿਖਿਆ ਹੈ ਕਿ ਸਾਡੀ ਫਲ ਅਜੇ ਤੀਕ ਕੁਝ ਮੀਂਹ ਪਾਣੀ ਨਹੀਂ
ਪਿਆ ਤੇ ਅਸੀਂ ਅਜੇ ਤੀਕ ਕੁਝ ਨਹੀਂ ਬੀਜਿਆ (3) ਗੱਲ ਦਾ ਕੇ ਜ਼ਮੀਨ ਛਡ ਛਡੀ
ਹੈ। ਭਾਈ ਜੀ ਏਥੇ ਤਾਂ ਚਰੋਕਣੇ (4) ਮੀਂਹ ਪੈ ਰਹੇ ਹਨ ਤੇ ਸਾਨੂੰ ਮੱਕਈ (5) ਤੇ ਈਖ ਬੀਜਿ
ਆਂ ਪੰਦ੍ਰਾਂ ਦਿਨ ਹੋ ਗਏ ਹਨ ਤੇ ਪੈਲੀ ਵੀ ਗਿਠ (6) ਗਿਠ ਉਚੀ ਹੋ ਗਈ ਹੈ ਪਰ ਸੋ-
ਸਾਡੇ ਭਰਾ ਤਾਰਾ ਸਿੰਘ ਦੀ ਚਿਠੀ ਚਤ੍ਰਾਲ ਵਿਚੋਂ ਆਈ ਸੀ ਉਹ ਲਿਖਦਾ ਹੈ ਕਿ
ਸਾਡੀ ਫੌਜ ਸਰਹੱਦ ਤੋਂ ਅਗੇ ਵੈਰੀਆਂ ਦੇ ਨਾਲ ਲੜ ਰਹੀ ਹੈ ਅਤੇ ਉਸ ਨੂੰ ਆਸ ਹੈ
(7) ਹਥ ਵਿਖਾਲੇ ਜੋ ਆਸ ਹੈ ਕਿ ਉਹ ਛੇਤੀ ਫਤਹ ਕਰੀ ਸਿਖਾਂ ਦੇ ਸਾਹਮਣੇ ਨਹੀਂ ਠਹਿਰਣਗੇ।।
ਹੋਰ ਪਿਛਲੇ ਮਹੀਨੇ ਦੀ ੧੨ ਨੂੰ ਨਰਾਇਣ ਸਿੰਘ ਦਾ ਵਿਆਹ ਚੋਰੀ (8) ਹੋ ਗਿਆ ਹੈ। ਹੋਰ
ਮੇਰੇ ਜੋਗ ਕੰਮ ਕਾਜ ਲਿਖਣਾ ਜੋ ਤੁਸਾਂ ਨੂੰ ਪੱਠਾ ਦੱਥਾ (9) ਮਹਿੰਗਾ ਹੋਵੇ ਤਾਂ ਪਸ਼ੂ ਵੇਚ ਦੇਣੇ
ਨਹੀਂ ਤਾਂ ਮਾੜੇ (10) ਹੋ ਜਾਣਗੇ। ਬਾਲ ਬੱਚਿਆਂ ਨੂੰ ਮੇਰਾ ਪਿਆਰ ਦੇਣਾ।

ਮਿਤੀ ਲਿਖੀ ਮੋਤ ਵਾਰ ਹਾੜ ਦੀ ੧੨

ਦਸਖਤ ਨਥਾ ਸਿੰਘ ਖ਼ਾਲਸੇ ਦੇ

1 ਸ੍ਰੀ respect (Divine.) 2 ਸਰਬ ਉਪਮਾ ਜੋਗ fit for all praises. 3 ਬੀਜਣਾ to sow. 4 ਚਰੋਕਣਾਂ from a long time. 5 ਮੱਕਈ (f) Indian corn. 6 ਗਿਠ (f) a span from the thumb to the little fingure. 7 ਹਥ ਵਖਾਲਣਾ to show bravery (to show hands) 8 ਚੋਰੀ ਵਿਆਹ marriage performed (secretly.) 9 ਪੱਠਾ ਦੱਥਾ fodder. 10 ਮਾੜਾ thin (bad.)

No. 17.

੧ੴ

ਲਿਖਤਮ ਕਾਨ੍ਹਸਿੰਘ ਜੋਗ ਕਰਮ ਅੰਮ੍ਰਿਤਸਰ ਹਥੋਂ ਜੋਗੇ ਮੁਬਾਰਕੇ ਆ

ਵਾਰਣਾ ਹੋਰ ਜੀ ਏਥੇ ਸੁਖ ਹੈ ਤੁਸਾਡੀ ਸੁਖ ਸਤਿਗੁਰੂ[1] ਤੇ ਮੰਗਦੇ ਹਾਂ ਹੋਰ

ਜੀ ਚਿਠੀ ਆਪ ਦੀ ਪੁਜੀ[2] ਹਕੀਕਤ ਮਾਲੂਮ ਹੋਈ ਤੁਸਾਂ ਜੋ ਸਾਹਾ[3] ਲਿਖਿ

ਹੈ ਸੋ ਬਹੁਤ ਨੇੜੇ ਹੈ ਸਾਨੂੰ ਰਜਾਮੰਦੀ ਨਹੀਂ ਮੁੰਡੇ ਦੀ ਕੋਈ ਦਿਖਲੈਣ ਦਾ ਸਾਹਾ ਕ

ਤੇ ਤੁਸੀ ਮੀਰਪੁਰ ਲਿਖ ਭੇਜਣਾ ਕਿ ਨੀਂਗਰ ਦੀ ਪਤ੍ਰੀ[4] ਭੇਜ ਦੇਣਾ ਪਾਂਧਾ ਜ

ਸਾਨੂੰ ਕਿਸੇ ਜੱਨ[5] ਨੇ ਪਾਇਆ ਹੈ ਕਿ ਮੁੰਡਾ ਇਕ ਅੱਖੋਂ ਲਾਮਾ ਹੈ ਤੇ ਟੀਰਾ[6] ਹੈ ਤੁਸਾਂ

ਕੇ ਆਪ ਦੇਖਣਾ ਅਸਾਂ ਏਥੋਂ ਗੁਲਬਦਨ ਤੇ ਤਿਲਾ[7] ਤੇ ਗੋਟਾ[8] ਖਰੀਦ ਲਿਆ

ਕਪੜੇ ਸੀਪੀ ਦੇਹ ਨਾ ਕਾਕੀ ਨੂੰ ਪਸਲ[9] ਨਿਕਲ ਆਈ ਸੀ ਪਰ ਹੁਣ ਰਾਜੀ ਹੈ

ਇਸ ਖਤ ਦਾ ਉਤ੍ਰ ਛੇਤੀ ਭੇਜਣਾ ਅਸਾਂ ਅਜੇ ਚੌਂਕ[10] ਡੰਡੀਆਂ[11] ਬਨਾਉਣੀ

ਹਨ।

ਲਿਖੀ ਹਾੜ੍ਹ ਦਿਨ ੨੧

1 ਸਤਗੁਰੂ true God. 2 ਪੁਜਣਾ to arrive. 3 ਸਾਹਾ day appoi
ier marriage 4 ਪਤ੍ਰੀ (f) horoscope. 5 ਜੱਨ doubt. 6 ਟੀਰਾ squint ey
7 ਤਿੱਲਾ gold thread. 8 ਗੋਟਾ gold lace. 9 ਪਸਲ (f). measles. 10 ਚੌਂਕ
ornament 11 ਡੰਡੀ (f) earing.

No. 13.

੧ ੴ ਸਤਿ ਗੁਰ ਪ੍ਰਸਾਦਿ ॥

ਸ੍ਰੀ ਸਰਬ ਉਪਮਾ ਜੋਗ (1) ਸ੍ਰੀ ਸਰਬ ਗੁਣ ਨਿਧਾਨ (2) ਉਜਲ ਦੀਦਾਰ ਭਾਈਆ ਰਾਮਸਿੰਘ ਜੀ ਜੋਗ ਲਿਖਤਮ ਦਾਸ ਹੁਕਮ ਸਿੰਘ ਦੀ ਵਾਹਿਗੁਰੂ ਜੀ ਕੀ ਫਤੇ ਵਾਚਣੀ॥ ਹਕੀਕਤ ਏਹ ਹੈ ਜੋ ਜੀ ਖਤ ਤੁਸਾਡਾ ਪਹੁੰਚਾ ਪੜ੍ਹ ਕਰ ਅਨੰਦ ਹੋਇਆ॥ ਤੁਸਾਡੇ ਲਿਖੇ ਮੂਜਬ ਸ਼ਾਹ ਮਾਨ ਵਾਲੇ ਦੇ ਨਾਲ ਹਿਸਾਬ ਕੀਤਾ ਜੀ ਉਸਦੀ ਵਹੀ (3) ਉਤੇ ਸੌ ਰੁਪਏ ਨਿਕਲੇ ਸੀ॥ ਵੀਹ ਰੁਪੈ ਬਿਆਜ (4) ਨਿਕਲੀ ਸੀ ਜੀ॥ ਸੋ ਦਾਣੇ ਸਾਡੇ ਦਾਣੇ ਦੇਕੇ ਲੇਖਾ ਚੁਕਾ ਦਿਤਾ (5) ਸੀ ਜੀ

ਬਾਕੀ ਸਾਡੇ ਕੋਲ ਖਾਣ ਜੋਗੇ ਦਾਣੇ ਰਹਿ ਗਏ ਜੀ ਪਰ ਇਕ ਬੜਾ ਨੁਕਸਾਨ ਹੋਇਆ ਜੀ ਲਾਖਾ (6) ਬਲਦ ਅਫਾਰੇ (7) ਨਾਲ ਮਰ ਗਿਆ ਜੀ ਸੋ ਜੀ ਜੇ ਚਾਲੀ ਰੁਪੈ ਹੋਣ ਭੇਜੋ ਹੋਰ ਬਲਦ ਲਈਏ ਜੀ ਇਕ ਵੈੜਕਾ (8) ਹੈਗਾ ਪਰ ਅਜੇ ਕੰਮ ਨਹੀਂ ਦੇਣ ਵਾਲਾ ਹੈ ਜੀ ਮੀਂਹ ਅਜੇ ਤਕ ਨਹੀਂ ਪਿਆ ਜੀ ਮੀਂਹ ਦੀ ਔੜ ਹੋਣ ਕਰਕੇ ਜੀ॥ ਸਾਡੇ ਲੋਕ ਮੂੰਹ ਚੱਕ ਚੱਕ ਦੇਖ ਰਹੇ ਹਨ ਜੀ ਕਦ ਮੀਂਹ ਪੈਂਦਾ ਹੈ॥ ਵਾਹੀ (9) (ਵਾਹੀ) ਦੇ ਦਿਨ ਲੰਘਦੇ ਜਾਂਦੇ ਹਨ ਜੀ ਜੇ ਮੀਂਹ ਨਾ ਪਿਆ ਬੁਰਾ ਹੋਣ ਲਗਾ ਜੇ ਜੀ॥ ਮੈਨੂੰ ਚਾਰ ਦਿਨ ਕਸ (10) ਆਈ ਸੀ ਹੁਣ ਮੈਂ ਰਾਜੀ ਹਾਂ ਜੀ ਖਤ ਭੇਜਦੇ ਰਿਹਾ ਕਰੋ ਜੀ॥

ਚਿੱਠੀ ਲਿਖੀ ਹਾੜ ਦਿਨ ੧੫ ਸੰਮਤ ੧੯੫੩

1 ਸ੍ਰੀ ਸ੍ਰਬ ਉਪਮਾ ਜੋਗ fit for all praises. 2 ਸ੍ਰਬ ਗੁਣ ਨਿਧਾਨ full of all [qu]alities. 3 ਵਹੀ ledger. 4 ਬਿਆਜ interest. 5 ਲੇਖਾ ਚੁਕਾ ਦਿਤਾ [illegible] [ac]count. 6 ਲਾਖਾ black. 7 ਅਫਾਰਾ swelling of the belly. 8 ਵੈੜਕਾ young bull. 9 ਵਾਹੀ (f), ploughing. 10 ਕਸ (f), fever.

No. 19.

੧ ਓ ਸਤਿਗੁਰਪ੍ਰਸਾਦਿ।

ਲਿਖਤਮ ਆਲਾਸਿੰਘ ਅਗੇ ਜੋਗ ਰਾਜਾ ਜਵਾਲਾਸਿੰਘ ਵਾਹਿਗੁਰੂ ਜੀ
ਕੀ ਫਤੇ ਬੁਲਾਣੀ ਵਾਚਣੀ ਜੀ॥ ਏਥੇ ਸੁਖ ਹੈ ਤੇ ਤੁਹਾਡੀ ਸੁਖ ਸਾਂਦ ਵਾਹਿਗੁ
ਜੀ ਪਾਸੋਂ ਮੰਗਦੇ ਹਾਂ ਜੀ। ਹਕੀਕਤ ਏਹੁ ਹੈ ਕਿ ਸਾਡੇ ਪਿੰਡ ਇਕ ਏਹ ਵਡਾ ਹਨੇਰ
ਇਆ ਹੈ ਜੀ। ਪਰਸੋਂ ਮੰਗਲਵਾਰ ਵਡੀ ਹਨੇਰੀ ਵਗਦੀ ਸੀ ਤੇ ਓਸ ਦਿਨ
ਰ ਸਿੰਘ ਹੋਰਾਂ ਦਾ ਵੇਲਣਾ (1) ਵਗਦਾ ਸੀ ਅਤੇ ਧੂਏਂ ਦੇ ਕੋਲ ਖੋਰੀ (2) ਦਾ ਢੇਰ
ਹੋਇਆ ਸੀ। ਅਤੇ ਹਨੇਰੀ ਨਾਲ ਓਸ ਢੇਰ ਨੂੰ ਅੱਗ ਲਗ ਪਈ ਅਤੇ ਫੇਰ ਗੁੜ (3)
ਹਾਲ ਨੂੰ ਲਗ ਗਈ। ਅੰਦਰ ਜੋ ਤੇ ਆਦਮੀ ਸਨ ਸਭ ਸੜ ਕੇ ਮਰ ਗਏ ਸਨ
ਵਜੀਰ ਸਿੰਘ ਤੇ ਜੀਉ ਇੰਦਾ ਹੀ ਨਿਕਲ ਆਏ ਆਹੇ ਸੀ ਜੋ ਪਰ ਓਹ ਦੀ ਪੀ ਭੁੱਖੇ
ਪਿਆ ਰ ਦੀ ਪੀ ਨਾਲ ਗੁਰਪਾਲ ਲਈ ਗਈ ਹੈ ਈ ਸੀ ਓਨ੍ਹਾਂ ਨੂੰ ਕਢ ਦਵੇ
ਲਈ ਫੇਰ ਅੰਦਰ ਜਾ ਵੜਿਆ ਸੀ ਕੁੜੀਆਂ ਨੂੰ ਤੇ ਕੱਢ ਲਿਆ ਸੀ ਪਰ ਓਹੁ ਦਾ
ਮੂੰਹ ਸਿਰ ਸੜ ਗਿਆ ਸੀ ਇਸ ਕਰਕੇ ਓਹੁ ਤਿੰਨ ਚਾਰ ਦਿਨ ਪੈਕੇ ਮਰ ਗਿਆ
ਅਤੇ ਹੋਰ ਵੀ ਪੰਜ ਛੀ ਆਦਮੀ ਮਰ ਗਏ ਹਨ॥

ਚਿੱਠੀ ਲਿਖੀ ਮੰਗਲਵਾਰ ਅਤੀ ਆਖਾੜ੍ਹ ਦੀ ੧੭
ਸੰਮਤ ੧੯੪੬ ਦਸਖਤ ਆਲਾਸਿੰਘ
ਤਲਵੰਡੀ ਦੇਰੋਂ

1 ਵੇਲਨਾ sugar mill. 2 ਖੋਰੀ the dry leaves of sugar cane. 3 ਗੁੜ ਹ
a place where they make sugar &c.

No. 20.

੧ ੴ ਸਤਿਗੁਰ ਪ੍ਰਸਾਦਿ ॥

ਲਿਖਤਮ ਜੁਵਾਲਾ ਸਿੰਘ ਜੋਗ ਭਾਈ ਆਲਾ ਸਿੰਘ ਛਤੇ ਬੁਲਾਈ ਵਾਚਣੀ ਜੀ । ਹੋਰ
ਜੀ ਹਾਲ ਏਹੁ ਹੈ ਕਿ ਚਿਠੀ ਤੁਹਾਡੀ ਪਹੁੰਚੀ ਹਾਲ ਮਲੂਮ ਕੀਤਾ ਤੁਸਾਂ ਜੋ ਲਿਖਿਆ ਹੈ ਕਿ
ਸਾਡੇ ਪਿੰਡਾਂ ਵਿੱਚ ਬਹੁਤ ਆਦਮੀ ਗੁਣ੍ਹੇ ਹਾਲ ਵਿੱਚ ਸੜ ਕੇ ਮਰ ਗਏ ਹਨ ਤੇ ਭਾਈ ਵ
ਜੀਰ ਸਿੰਘ ਦੀ ਮੂੰਹ ਸਿਰ ਜਲ੍ਹਨ ਨਾਲ ਮਰ ਗਿਆ ਹੈ ਮੈਨੂੰ ਏਹ ਗਲ ਸੁਣ ਕੇ ਵਡ੍ਹਾ
ਹਮਸੋਸ ਲਗਦਾ ਹੈ ਕਰਤਾਰ ਦਾ ਭਾਣਾ ਐਵੇਂ ਹੀ ਹੋਵੇਗਾ । ਹੁਣ ਤੁਸੀ ਆਪਣਾ
ਕੰਮ ਸੋਚ ਸੰਭਲ ਕੇ (1) ਕਰਿਆ ਕਰੋ ਅਤੇ ਜੇਕਰ ਤੁਹਾਨੂੰ ਪੈਸੇ ਧੇਲੇ (2) ਦੀ ਲੋੜ ਹੋਵੇ
ਤਾਂ ਲਿਖ ਘੱਲਣਾ ਮੈਂ ਘਲ ਦੇਵਾਂਗਾ ਨਹੀਂ ਤਾਂ ਰਾਮ ਸਾਹ ਕੋਲੋਂ ਹੁਦਾਰ ਲੈ ਲੈਣੇ
ਜੀ ਮੈਂ ਆਪੇ ਉਸਨੂੰ ਮਹੀਨੇ ਕੁ ਤੀਕਰ ਘਲ ਦੇਵਾਂਗਾ ਅਤੇ ਹੋਰ ਫਸਲ ਦਾਣੀ
ਦਾ ਹਾਲ ਲਿਖਣਾ ਪੈਲੀ ਨੂੰ ਹਫੀਤੇ ਰਾਂ ਨਾਲ ਵਾਹ ਸਿੰਜ (3) ਕੇ ਬੀਜਿਆ ਕਰੋ ਕਿਉਂ
ਜੋ ਜਦ ਤੇ ਮੈਂ ਨੌਕਰ ਹੋਇਆ ਹਾਂ ਦਾਣਾ ਫਕਾ ਸਭ ਤੁਹਾਡੀ ਪੈਲੀ ਦੇ ਉਪਰ ਹੁੰਦਾ
ਹੈ ਅਤੇ ਜੇਕਰ ਹੋਰ ਜੋਗ (4) ਦੀ ਲੋੜ ਹੋਵੇ ਤਾਂ ਮੁਲ ਲੈ ਲੈਣੀ । ਹੋਰ ਕੋਠੇ ਕਾਠੇ ਸਭ
ਲਿਬ ਛਡਣੇ ਕਿਉਂ ਜੋ ਬਰਸਾਤ ਵਿਚ ਢਠ ਨਾਂ ਜਾਣ (5) । ਹੋਰ ਖੋਲੇ (6) ਵਾਲੇ ਕੋਠੇ ਨੂੰ ਛਤ
ਛਡਣਾ ਚੋਖੇਂ ਦੀ ਚੋਰ ਉਚੱਕੇ ਦਾ ਬੜਾ ਡਰ ਰਹਿੰਦਾ ਹੈ । ਹੋਰ ਜੇਕਰ ਮੈਨੂੰ
ਛੁਟੀ ਮਿਲ ਗਈ ਤਾਂ ਦਸਾਂ ਪੰਦ੍ਰਾਂ ਦਿਨਾਂ ਤੀਕਰ ਆਵਾਂਗਾ । ਚਿਠੀ ਦਾ
ਉਤ੍ਰ ਛੇਤੀ ਘਲਣਾ ॥

ਚਿਠੀ ਲਿਖੀ ਅਸਾੜ ਵਦੀ ੧੫

ਦਸਖਤ ਜੁਆਲਾ ਸਿੰਘ ਪਸੌਰ ਵਿਚੋਂ

---

1 ਸੋਚ ਸੰਭਲਕੇ carefully. 2 ਪੈਸਾ ਧੇਲਾ lit. pice or half a pice.
3 ਸਿੰਜਨਾ to irrigate. 4 ਜੋਗ pair of bullocks. 5 ਢਠਜਾਣਾ to fall down
6 ਖੋਲਾ ruin, a house without any roof.

No. 21.

ੴ ਸਤਿਗੁਰਪ੍ਰਸਾਦਿ।

ਜੋਗ ਭਾਈ ਆ ਹਾਕਮ ਸਿੰਘ ਲਿਖੀ ਕੇਸਰ ਸਿੰਘ ਕੀ ਵਾਹਿਗੁਰੂ ਜੀ ਕੀ ਫਤੇ
ਬੁਲਾਈ ਵਾਚਣੀ। ਹੋਰ ਜੀ ਏਥੇ ਸੁਖ ਹੈ ਤੁਹਾਡੀ ਸੁਖ ਸਾਂਦ ਵਾਹਿਗੁਰੂ ਪਾਸੋ
ਮੰਗਦੇ ਹਾਂ। ਹੋਰ ਜੀ ਮੈਂ ਪਿਛੇ ਤੁਸਾਂ ਨਾਲ ਵਿੱਚ ਬੜਾ ਮਾਂਦਾ ਰਿਹਾ। ਹੁਣ ਅਰ
ਮਾਨ ਹੈ ਨੇਤ੍ਰਕੀ ਤਪ (1) ਆਉਂਦਾ ਰਿਹਾ ਸਵਾ ਮਹੀਨਾ ਹਸਪਤਾਲ ਵਿੱਚ ਪਿਆ
ਰਿਹਾ ਸਾਡਾ ਡਾਕਦਾਰ ਸਾਹਿਬ ਬੜਾ ਚੰਗਾ ਹੈ ਰੋਜ ਦੋ ਵੇਲੇ ਖਬਰ ਰਖਦਾ ਹੈ
ਕਿਸੀ ਗੱਲੇ ਔਖ ਨਹੀ ਸੀ ਕਸ ਹਦੀ ਤਾਂ ਮਰੋੜ (2) ਰਲ ਪਏ ਦਸ ਕੁ ਦਿਨ ਔਖਾ
ਰਿਹਾ ਪਰ ਹੁਣ ਨੌ ਬਰਨੌ (3) ਹਾਂ ਫਿਕਰ ਨਹੀ ਕਰਨਾ ਫੌ ਤੁਰਪ (4) ਜੋ ਨੌਕਰੀ ਤੇ ਗਏ
ਸੇ ਸੋ ਆ ਗਏ ਹੁਣ ਸਾਡਾ ਤੁਰਪ ਜਾਵੇਗਾ ਨੌਕਰੀ ਵਿੱਚ ਕੁਛ ਭੱਤਾ ਮਿਲੇਗਾ।
ਰਾਸ਼ਨ (5) ਸਰਕਾਰੀ ਮਿਲੇਗਾ ਮੇਰੀ ਹੁਣ ਦਫੇਦਾਰੀ ਦੀ ਰੌਲ (6) ਹੈ ਮੇਰੇ ਦਾਹਨੇ ਵਲ
ਮਿਲਖਨ ਪਾਰਗਿਆ ਹੈ ਵੇਖੀਏ ਕਦ ਜਗਾ ਮਿਲਦੀ ਹੈ ਕੰਮ ਮੈਂ ਹੌਲਦਾਰੀ
ਦਾ ਕਰਦਾ ਹਾਂ

ਦਸਤਖਤ ਕੇਸਰ ਸਿੰਘ ਲੈਂਸ ਨੈਕ
ਪਲਟਨ ਨੰਬਰ ੩੫ ਸਿੰਘੇਹਰਾ

---

1 ਨੇਤਰਕੀ ਤਪ daily fever. 2 ਮਰੋੜ dysentery 3 ਨੌ ਬਰਨੌ quite well. 4 ਤੁਰਪ corruption of English Troops. 5 ਰਾਸ਼ਨ "Rations." 6 ਰੌਲ turn.

No. 22.

੧ ੳ ਸਤਿਗੁਰਪ੍ਰਸਾਦਿ॥

ਲਿਖਤੁਮ ਜ਼ਾਮਸਿੰਘ ਜੋਗ ਜਮਾਦਾਰ ਚਤਰਸਿੰਘ ਵਾਹਿਗੁਰੂ ਜੀ ਕੀ ਫਤੇ ਪਹੁੰਚੇ॥

